# ਅੰਮ੍ਰਿਤ ਕੀਰਤਨ

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਦਸੰਬਰ 2006

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 12 • ਸਾਲ ਅਠਾਰਵਾਂ • ਦਸੰਬਰ 2006



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ.(ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**



- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007


**ਚੰਦੇ ਦਾ ਵੇਰਵਾ**

- ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-2713915, 093161 36268

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com



| | |
|---|---|
| ਕਰਉ ਬੇਨੰਤੀਆ<br>*ਸੰਪਾਦਕੀ* | 2 |
| ਰਾਗ ਆਸਾ ਅਤੇ ਗੁਰਬਾਣੀ ਦਾ ਅੰਤਰ ਸਬੰਧ<br>*ਡਾ. ਜਾਗੀਰ ਸਿੰਘ* | 3 |
| ਰਾਗ ਵਿਵਰਨ - ਰਾਗ ਬੈਰਾੜੀ<br>*ਪ੍ਰੋ: ਕਰਤਾਰ ਸਿੰਘ* | 10 |
| ਭੂਖੇ ਭਗਤ ਨ ਹੋਈ ਗੋਪਾਲਾ<br>*ਕਰਤਾਰ ਸਿੰਘ ਨੀਲਧਾਰੀ* | 13 |
| ਸੰਤ ਅਤਰ ਸਿੰਘ ਗੁਰਮਤਿ ਸੰਗੀਤ ਵਿਦਿਆਲਾ-ਮਸਤੂਆਣਾ ਸਾਹਿਬ<br>*ਗੁਰਿੰਦਰ ਬੀਰ ਸਿੰਘ* | 16 |
| ਗੁਰਮਤਿ ਸੰਗੀਤ ਉਤਸਵ 2006<br>*ਗੁਰਜੰਤ ਸਿੰਘ ਰਾਹੀ* | 17 |
| ਪੁਰਾਤਨ ਕੀਰਤਨ ਪ੍ਰੰਪਰਾ ਦੇ ਸੰਭਾਲਕਾਰ-<br>ਸ. ਹਰਕ੍ਰਿਸ਼ਨ ਸਿੰਘ ਜੀ ਧੂਪੀਆ<br>*ਅਵਤਾਰ ਸਿੰਘ 'ਹੰਸ'* | 19 |
| ਵਿਸ਼ਵ ਸੰਗੀਤਕਾਰ | 20 |
| ਸੁਰ ਲਿਪੀ<br>*ਹਰਦੀਪ ਕੌਰ* | 21 |
| ਸੁਰ ਲਿਪੀ ਵਾਲੇ ਸ਼ਬਦ ਦੇ ਅਰਥ<br>*ਹਰਦੀਪ ਕੌਰ* | 23 |
| ਸੰਗੀਤ ਲਿਪੀ ਚਿੰਨ੍ਹ | 24 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
}voz. ~sqwoz
Designers & Printers
Phone: 0172-3292919

## ਕਰਉ ਬੇਨੰਤੀਆ

# ਸੰਗੀਤ ਅਤੇ ਕੁਦਰਤੀ ਵਰਤਾਰਾ

ਪਿਛਲੇ ਦਿਨੀਂ ਦਿੱਲੀ ਗਿਆ। ਉਥੇ ਮੇਰੇ ਮਿੱਤਰ ਹਨ - ਸ. ਗੁਰਵਿੰਦਰ ਸਿੰਘ ਮੋਂਗਾ। ਇਨ੍ਹਾਂ ਦੇ ਬੱਚੇ ਕਰਮਜੀਤ ਸਿੰਘ ਅਤੇ ਬਿਨੀਤ ਸਿੰਘ ਅਤੇ ਇਨ੍ਹਾਂ ਦੀ ਪਤਨੀ ਦਲਜੀਤ ਕੌਰ ਬੜਾ ਪਿਆਰਾ ਕੀਰਤਨ ਕਰਦੇ ਹਨ। ਬੱਚਿਆਂ ਦਾ ਹਾਲ ਪੁਛਿਆ ਤਾਂ ਉਨ੍ਹਾਂ ਕਿਹਾ ਕਿ ਉਹ ਹੁਣ ਕੀਰਤਨ ਨਹੀਂ ਕਰਦੇ ਉਨ੍ਹਾਂ ਦਾ ਗਲਾ ਖਰਾਬ ਹੋ ਗਿਆ ਹੈ। ਉਨ੍ਹਾਂ ਦੀ ਆਵਾਜ਼ ਭਾਰੀ ਹੋ ਗਈ ਹੈ। ਪਤਾ ਲੱਗਾ ਕਿ ਬੱਚੇ ਹੁਣ ਜਵਾਨ ਹੋ ਰਹੇ ਹਨ ਅਤੇ ਉਨ੍ਹਾਂ ਦੇ ਗਲੇ ਦੀ ਘੰਡੀ ਫੁੱਟ ਰਹੀ ਹੈ। ਬੱਚਿਆਂ ਦੀ ਆਵਾਜ਼ ਦਾ ਸਕੇਲ ਬਦਲ ਰਿਹਾ ਹੈ। ਓਪਰੀ ਆਵਾਜ਼ ਕਈ ਵਾਰ ਚੰਗੀ ਨਹੀਂ ਲੱਗਦੀ। ਉਨ੍ਹਾਂ ਨੂੰ ਸਮਝਾਇਆ ਕਿ ਕੁਝ ਦਿਨ ਹੋਰ ਨਾ ਗਾਓ ਬਾਅਦ ਵਿਚ ਸਕੇਲ ਬਦਲ ਕੇ ਗਾਉਣਾ ਆਰੰਭ ਕਰ ਦਿਓ।

ਕੁਦਰਤ ਨੇ ਬੜੇ ਅਦਭੁਤ ਪ੍ਰਬੰਧ ਕੀਤੇ ਹੋਏ ਹਨ। ਸਾਡੇ ਕੰਨਾਂ ਨੂੰ ਸੁਰੀਲੀਆਂ ਆਵਾਜ਼ਾਂ ਚੰਗੀਆਂ ਲੱਗਦੀਆਂ ਹਨ। ਕਿਉਂ ਬਾਹਰੋਂ ਆਉਂਦੀ ਸੁਰੀਲੀ ਆਵਾਜ਼ ਚੰਗੀ ਲੱਗਦੀ ਹੈ? ਪਹਿਲਾਂ ਤਾਂ ਇਹ ਜਾਣੀਏ ਕਿ ਸੁਰੀਲੀ ਆਵਾਜ਼ ਕੀ ਹੁੰਦੀ ਹੈ? ਸਾਡੇ ਬ੍ਰਹਿਮੰਡ ਦੀ ਗਤੀ ਇਕਸਾਰ ਹੈ। ਇਸ ਕਰਕੇ ਬ੍ਰਹਿਮੰਡ ਵਿਚ ਪੈਦਾ ਹੋਣ ਵਾਲੀਆਂ ਆਵਾਜ਼ਾਂ ਸੁਰੀਲੀਆਂ ਲੱਗਦੀਆਂ ਹਨ। ਸਾਡੇ ਸਰੀਰ ਅੰਦਰ ਖ਼ੂਨ ਦੇ ਦੌਰੇ ਅਤੇ ਦਿਲ ਦੀ ਧੜਕਨ ਦੀ ਗਤੀ ਵੀ ਇਕ ਸਾਰ ਹੈ। ਜਦੋਂ ਅਸੀਂ ਕੋਈ ਐਸੀ ਆਵਾਜ਼ ਪੈਦਾ ਕਰਦੇ ਹਾਂ ਜਿਹੜੀ ਬ੍ਰਹਿਮੰਡ ਅਤੇ ਸਾਡੇ ਸਰੀਰ ਦੀ ਅੰਦਰੂਨੀ ਆਵਾਜ਼ ਨਾਲ ਮੇਲ ਖਾ ਜਾਂਦੀ ਹੈ ਤਾਂ ਉਹ ਆਵਾਜ਼ ਸਾਡੇ ਮਨ ਨੂੰ ਭਾਉਂਦੀ ਹੈ। ਅਸੀਂ ਉਸੇ ਆਵਾਜ਼ ਨੂੰ ਸੁਣਨਾ ਅਤੇ ਪੈਦਾ ਕਰਨਾ ਪਸੰਦ ਕਰਦੇ ਹਾਂ।

ਇਹ ਗੱਲ ਕੇਵਲ ਅਵਾਜ਼ ਜਾਂ ਸੰਗੀਤ ਤੇ ਹੀ ਲਾਗੂ ਨਹੀਂ ਹੁੰਦੀ, ਹੋਰ ਵਰਤਾਰਿਆਂ 'ਤੇ ਵੀ ਲਾਗੂ ਹੁੰਦੀ ਹੈ। ਜਿਵੇਂ ਸਾਨੂੰ ਉਹ ਵਿਚਾਰ ਚੰਗੇ ਲੱਗਦੇ ਹਨ ਜਿਹੜੇ ਬ੍ਰਹਿਮੰਡੀ ਵਰਤਾਰੇ ਦੇ ਅਨੁਕੂਲ ਅਤੇ ਸਾਡੇ ਆਪਣੇ ਵਿਚਾਰਾਂ ਦੇ ਅਨੁਕੂਲ ਹੋਣ। ਕਦੇ ਕਦੇ ਜਦੋਂ ਕੋਈ ਤਬਦੀਲੀ ਵਾਪਰਦੀ ਹੈ ਤਾਂ ਉਸ ਤਬਦੀਲੀ ਨਾਲ ਅਸੀਂ ਆਪਣੇ ਆਪ ਨੂੰ ਮੇਚ ਨਹੀਂ ਸਕਦੇ ਪਰ ਫਿਰ ਇਸ ਨੂੰ ਇਕਸਾਰ ਕਰਨਾ ਪੈਂਦਾ ਹੈ ਜਾਂ ਉਹ ਤਬਦੀਲੀ ਸਾਡੇ ਅਨੁਕੂਲ ਹੋ ਜਾਂਦੀ ਹੈ ਜਾਂ ਅਸੀਂ ਉਸ ਤਬਦੀਲੀ ਦੇ ਅਨੁਕੂਲ ਹੋ ਜਾਂਦੇ ਹਨ।

ਜਿਵੇਂ ਬਚਪਨ ਵਿਚ ਸਾਡੀ ਆਵਾਜ਼ ਪਤਲੀ ਹੁੰਦੀ ਹੈ ਉਹ ਸਾਨੂੰ ਸੁਰੀਲੀ ਜਾਪਦੀ ਹੈ। ਘੰਡੀ ਫੁਟਣ ਤੇ ਉਹੀ ਅਵਾਜ਼ ਮੋਟੀ ਹੁੰਦੀ ਹੈ, ਸਾਨੂੰ ਚੰਗੀ ਨਹੀਂ ਲੱਗਦੀ। ਪਰ ਹੌਲੀ ਹੌਲੀ ਉਸ ਭਾਰੀ ਆਵਾਜ਼ ਦੀ ਗੰਭੀਰਤਾ ਸਾਨੂੰ ਚੰਗੀ ਲੱਗਣ ਲੱਗਦੀ ਹੈ। ਉਸ ਭਾਰੀ ਆਵਾਜ਼ ਦੀਆਂ ਤਰੰਗਾਂ ਬ੍ਰਹਿਮੰਡ ਵਿਚ ਗੰਭੀਰ ਆਵਾਜ਼ ਦੀਆਂ ਤਰੰਗਾਂ ਨਾਲ ਮੇਲ ਖਾਣ ਲੱਗਦੀਆਂ ਹਨ। ਸਾਡੇ ਸਰੀਰ ਵਿਚ ਖ਼ੂਨ ਦੇ ਦੌਰੇ ਕਾਰਨ ਨਾੜੀਆਂ ਵਿਚੋਂ ਪੈਦਾ ਹੋ ਰਿਹਾ ਸੰਗੀਤ ਸਾਡੀ ਆਪਣੀ ਪੈਦਾ ਕੀਤੀ ਆਵਾਜ਼ ਨਾਲ ਰਲ ਮਿਲ ਕੇ ਇਕ ਆਰਕੈਸਟਰਾ ਦੇ ਵਾਂਗ ਜਾਪਣ ਲੱਗਦਾ ਹੈ।

ਉਪਰੋਕਤ ਗੱਲਾਂ ਕੁਝ ਓਪਰੀਆਂ ਜਾਪਦੀਆਂ ਹਨ ਪਰ ਕਦੀ ਆਪਣੇ ਕੰਨਾਂ ਨੂੰ ਬੰਦ ਕਰਕੇ ਆਪਣੇ ਸਰੀਰ ਅੰਦਰ ਵੱਜ ਰਹੇ ਵਾਜੇ ਸੁਣੋ ਅਤੇ ਫਿਰ ਆਪਣੇ ਬਾਹਰਲੇ ਸੰਗੀਤ ਨੂੰ ਸੁਣੋ, ਕੁਝ ਚੰਗਾ ਮਹਿਸੂਸ ਹੋਵੇਗਾ। ਆਸ ਹੈ ਕਰਮਜੀਤ ਸਿੰਘ ਅਤੇ ਬਿਨੀਤ ਸਿੰਘ ਛੇਤੀ ਹੀ ਪਰਪੱਕ ਆਵਾਜ਼ਾਂ ਵਿਚ ਬੜਾ ਸੁਰੀਲਾ ਅਤੇ ਗੰਭੀਰ ਕੀਰਤਨ ਸੁਣਾਉਣਗੇ।

# ਰਾਗ ਆਸਾ ਅਤੇ ਗੁਰਬਾਣੀ ਦਾ ਅੰਤਰ ਸਬੰਧ

ਡਾ. ਜਾਗੀਰ ਸਿੰਘ

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮੁਖ ਰੂਪ ਵਿੱਚ ਰਾਗਾਂ ਵਿੱਚ ਰਚੀ ਗਈ ਹੈ। ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਰਾਗ ਗੁਰਬਾਣੀ ਨੂੰ ਪੇਸ਼ ਕਰਨ ਵਿੱਚ ਕੇਵਲ ਮਾਧਿਅਮ ਦਾ ਕੰਮ ਦਿੰਦਾ ਹੈ। ਪਰ ਗੁਰਬਾਣੀ ਰਚਨਾ ਦੀ ਪ੍ਰਕਿਰਿਆ, ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਦੀ ਸਥਿਤੀ ਅਤੇ ਗੁਰਬਾਣੀ ਅੰਦਰਲੀ ਭਾਵ ਸੰਰਚਨਾ ਇਸ ਗੱਲ ਵੱਲ ਸੰਕੇਤ ਕਰਦੀ ਹੈ ਕਿ ਰਾਗ ਗੁਰਬਾਣੀ ਦਾ ਰਚਨਾ ਮੂਲਕ ਤੱਤ ਹੈ। ਗੁਰੂ ਨਾਨਕ ਦੇਵ ਜੀ ਦੀਆਂ ਜਨਮ ਸਾਖੀਆਂ ਦੇ ਅਧਿਐਨ ਤੋਂ ਅਸੀਂ ਵੇਖਦੇ ਹਾਂ ਜਦੋਂ ਗੁਰੂ ਸਾਹਿਬ ਨੂੰ ਬਾਣੀ ਰਚਨਾ ਦਾ ਆਵੇਸ਼ ਹੁੰਦਾ ਤਾਂ ਉਹ ਮਰਦਾਨੇ ਨੂੰ ਰਬਾਬ ਵਜਾਉਣ ਲਈ ਆਖਦੇ ਮਰਦਾਨਾ ਸਮੇਂ ਅਤੇ ਸਥਿਤੀ ਅਨੁਸਾਰ ਰਬਾਬ ਉੱਤੇ ਵਿਸ਼ੇਸ਼ ਰਾਗ ਦੀ ਆਲਾਪਚਾਰੀ ਕਰਦਾ ਅਤੇ ਫਿਰ ਗੁਰੂ ਸਾਹਿਬ ਉਸੇ ਰਾਗ ਵਿੱਚ ਬਾਣੀ ਰਚਨਾ ਕਰਦੇ। ਗੁਰੂ ਗ੍ਰੰਥ ਸਾਹਿਬ ਵਿੱਚ ਵੀ ਲਗਭਗ ਹਰ ਸ਼ਬਦ ਉੱਤੇ ਪਹਿਲਾਂ ਰਾਗ ਦਾ ਨਾਮ ਲਿਖਿਆ ਹੋਇਆ ਹੈ। ਜਿਸ ਰਾਗ ਵਿੱਚ ਬਾਣੀ ਰਚਨਾ ਕੀਤੀ ਗਈ ਹੋਵੇ ਉਸੇ ਰਾਗ ਵਿੱਚ ਹੀ ਉਸ ਦਾ ਕੀਰਤਨ ਕਰਕੇ ਵਧ ਤੋਂ ਵਧ ਪ੍ਰਭਾਵ ਗ੍ਰਹਿਣ ਕੀਤਾ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇੱਕਤੀ ਮੁਖ ਰਾਗਾਂ ਅਤੇ ਲਗਭਗ ਇੱਕਤੀ ਮਿਸ਼ਰਤ ਰਾਗਾਂ ਅਧੀਨ ਦਰਜ ਕੀਤੀ ਗਈ ਹੈ। ਇਸ ਲੇਖ ਵਿੱਚ ਅਸੀਂ ਕੇਵਲ ਆਸਾ ਰਾਗ ਅਤੇ ਗੁਰਬਾਣੀ ਦੇ ਅੰਤਰ ਸਬੰਧ ਬਾਰੇ ਚਰਚਾ ਕਰਾਂਗੇ।

ਆਸਾ ਰਾਗ ਗੁਰੂ ਗ੍ਰੰਥ ਸਾਹਿਬ ਵਿੱਚ ਚੌਥਾ ਰਾਗ ਹੈ। ਇਸ ਰਾਗ ਵਿੱਚ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰ ਦਾਸ ਜੀ, ਗੁਰੂ ਰਾਮ ਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਤੋਂ ਇਲਾਵਾ ਭਗਤ ਕਬੀਰ ਜੀ, ਸ਼ੇਖ ਫਰੀਦ ਜੀ, ਭਗਤ ਨਾਮ ਦੇਵ ਜੀ, ਭਗਤ ਰਵਿਦਾਸ ਅਤੇ ਭਗਤ ਧੰਨਾ ਜੀ ਦੀ ਬਾਣੀ ਦਰਜ ਹੋਈ ਹੈ।

ਇਹ ਰਾਗ ਪੰਜਾਬ ਦਾ ਪੁਰਾਤਨ ਅਤੇ ਹਰਮਨ ਪਿਆਰਾ ਰਾਗ ਹੈ। ਗੁਰਮਤ ਸੰਗੀਤ ਪਰੰਪਰਾ ਵਿੱਚ ਇਸ ਰਾਗ ਦਾ ਗਾਇਨ ਸਭ ਤੋਂ ਵਧ ਹੋਇਆ ਹੈ। ਸਵੇਰੇ ਆਸਾ ਦੀ ਵਾਰ ਅਤੇ ਸ਼ਾਮ ਨੂੰ ਸੋਦਰ ਦੀ ਚੌਂਕੀ ਦਾ ਕੀਰਤਨ ਇਸੇ ਰਾਗ ਵਿੱਚ ਕੀਤਾ ਜਾਂਦਾ ਹੈ। ਇਹ ਰਾਗ ਪੰਜਾਬ ਦਾ ਵਿਸ਼ੇਸ਼ ਰਾਗ ਪ੍ਰਤੀਤ ਹੁੰਦਾ ਹੈ। ਇਸ ਦਾ ਉਲੇਖ ਭਾਰਤੀ ਸਨਾਤਨੀ ਸੰਗੀਤ ਗ੍ਰੰਥਾਂ ਵਿੱਚ ਪ੍ਰਾਪਤ ਨਹੀਂ ਹੁੰਦਾ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਾਗਮਾਲਾ ਵਿੱਚ ਇਸ ਰਾਗ ਦਾ ਨਾਮ ਆਇਆ ਹੈ। ਇਥੇ ਇਸ ਨੂੰ ਮੇਘ ਰਾਗ ਦੀ ਰਾਗਨੀ ਦੱਸਿਆ ਹੈ :

*ਸੋਰਠਿ ਗੋਂਡ ਮਲਾਰੀ ਧੁਨੀ॥*
*ਪੁਨਿ ਗਾਵਹਿ ਆਸਾ ਗੁਨ ਗੁਨੀ॥*
*(ਰਾਗਮਾਲਾ, ਪੰਨਾ 1430)*

ਭਗਤ ਕਵੀਆਂ ਦੀ ਬਾਣੀ ਦਾ ਇਸ ਰਾਗ ਵਿੱਚ ਪ੍ਰਾਪਤ ਹੋਣਾ ਦਰਸਾਉਂਦਾ ਹੈ ਕਿ ਇਹ ਰਾਗ ਭਗਤੀ ਕਾਵਿ ਅਤੇ ਭਗਤੀ ਸੰਗੀਤ ਪਰੰਪਰਾ ਦਾ ਵਿਸ਼ੇਸ਼ ਰਾਗ ਰਿਹਾ ਹੈ। ਸ਼ੇਖ ਫਰੀਦ ਜੀ ਦੀ ਬਾਣੀ ਵੀ ਇਸ ਰਾਗ ਵਿੱਚ ਦਰਜ ਹੈ ਇਸ ਤੋਂ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਹ ਰਾਗ ਸੂਫੀ ਸੰਗੀਤ ਪਰੰਪਰਾ ਵਿੱਚ ਵੀ ਪ੍ਰਚਲਤ ਰਿਹਾ ਹੈ। ਫਰੀਦ ਜੀ ਦੀ ਸੂਫੀ ਪਰੰਪਰਾ ਵਿੱਚ ਇਸ ਰਾਗ ਦਾ ਲਗਾਤਾਰ ਗਾਇਨ ਹੁੰਦਾ ਰਿਹਾ ਹੈ। ਜਨਮ ਸਾਖੀਆਂ ਵਿੱਚ ਜ਼ਿਕਰ ਆਉਂਦਾ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਫਰੀਦ ਜੀ ਦੀ ਗੱਦੀ ਤੇ ਬੈਠੇ ਸ਼ੇਖ ਬ੍ਰਹਮ ਨੂੰ ਮਿਲਦੇ ਹਨ ਤਾਂ ਉਹ ਗੁਰੂ ਸਾਹਿਬ ਨੂੰ ਵਾਰ ਸੁਣਾਉਣ ਲਈ ਫਰਮਾਇਸ਼ ਕਰਦਾ ਹੈ। ਵਲਾਇਤ ਵਾਲੀ ਜਨਮ ਸਾਖੀ ਜਿਸਨੂੰ ਪੁਰਾਤਨ ਜਨਮ ਸਾਖੀ ਵੀ ਕਿਹਾ ਜਾਂਦਾ ਹੈ ਅਨੁਸਾਰ ਗੁਰੂ ਨਾਨਕ ਦੇਵ ਜੀ ਦੁਆਰਾ ਆਸਾ ਰਾਗ ਵਿੱਚ ਰਚਿਤ ਵਾਰ ਦੀ ਰਚਨਾ ਸ਼ੇਖ ਬ੍ਰਹਮ ਨੂੰ ਉਪਦੇਸ਼ ਦੇਣ ਹਿਤ ਹੋਈ।

ਇਸ ਜਨਮ ਵਿੱਚ ਲਿਖਿਆ ਹੈ: ਸ਼ੇਖ ਨੇ ਕਿਹਾ- *ਨਾਨਕ, ਹਿਕ ਖੁਦਾਇ ਕੀ ਵਾਰ ਸੁਣਾਇ, ਅਸਾਨੂੰ ਇਹ ਮਖਸੂਦ ਹੈ, ਜੋ ਵਾਰ ਦੁਹੁ ਬਾਝੂ ਹੋਂਦੀ ਨਾਹੀਂ ਅਤੇ ਤੂ ਇਕ ਹਿਕੁ ਆਖਦਾ ਹੈਂ ਵੇਖਾਂ ਖੁਦਾਇ ਦਾ ਸਰੀਕ ਤੂ*

*ਕਵਣ ਕਰਸੀ? ਤੁ ਬਾਬੇ ਆਖਿਆ, ਮਰਦਾਨਿਆ, ਰਬਾਬੁ ਵਜਾਇ। ਤਾ ਮਰਦਾਨੇ ਰਬਾਬੁ ਵਜਾਇਆ, ਰਾਗ ਆਸਾ ਕੀਤਾ ਬਾਬੇ ਸਲੋਕੁ ਦਿਤਾ, ਸਲੋਕ ਸਤਿਗੁਰੂ ਪ੍ਰਸਾਦਿ ਆਸਾ ਕੀ ਵਾਰ ਮਹਲਾ ੧–।"* [1]

ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਆਸਾ ਰਾਗ ਦੀ ਵਾਰ ਸੁਣਾਉਣ ਹਿਤ ਮਰਦਾਨੇ ਨੂੰ ਆਦੇਸ਼ ਕਰਨ ਵੇਲੇ ਆਸਾ ਦੀ ਵਾਰ ਦੇ ਨਾਲ ਨਾਲ ਗਉੜੀ ਅਤੇ ਰਾਮਕਲੀ ਰਾਗ ਬਾਰੇ ਵੀ ਟਿਪਣੀ ਕੀਤੀ ਹੈ।

ਭਾਈ ਮਨੀ ਸਿੰਘ ਜੀ[2] ਲਿਖਦੇ ਹਨ- *"ਫਿਰ ਸੇਖ ਬ੍ਰਹਮ ਕਹਿਆ ਕਿ ਜੋ ਜੀ ਢਾਢੀ ਰਾਜਿਓਂ ਕੀ ਵਾਰ ਗਾਵਤੇ ਹੈਂ ਸੋ ਰਾਜੇ ਭੀ ਪ੍ਰਸੰਨ ਹੋਵਤੇ ਹੈਂ ਅਰ ਸੂਰਮੇਂ ਭੀ ਪ੍ਰਸੰਨ ਹੋ ਕੇ ਜੁਧ ਕਰਤੇ ਹੈਂ ਅਰ ਕਾਇਰਾਂ ਦੇ ਮਨ ਮੈਂ ਭੀ ਜੁੱਧ ਕਾ ਉਦਮ ਹੋਇ ਆਵਤਾ ਹੈ। ਤੈਸੇ ਹੀ ਜੋ ਮਹਾਰਾਜ ਕੀ ਵਾਰ ਗਾਵਤੇ ਹੈਂ ਤਾਂ ਮਹਾਰਾਜ ਭੀ ਪ੍ਰਸੰਨ ਹੋਤੇ ਹੈਂ ਅਤੇ ਸੰਤ ਭੀ ਪ੍ਰਸੰਨ ਹੋਤੇ ਹੈਂ, ਅਰ ਜੋਨਿ ਸੋ ਜਗਯਾਂਸੀ ਹੈਂ ਤਿਨੋਂ ਕੋਂ ਭੀ ਮਨ ਅਰ ਇੰਦ੍ਰੀਅਹੁ ਕੇ ਜੀਤਨੇ ਕਾ ਉਦਮ ਹੋਇ ਆਵਤਾ ਹੈ। ਤਾਂ ਤੇ ਤੁਸੀ ਮੇਰੇ ਤਾਂਈ ਕਾਈ ਪਰਮੇਸਰ ਕੀ ਵਾਰ ਸੁਣਾਵਹੁ। ਤਾਂ ਬਾਬੇ ਕਹਿਆ ਮਰਦਾਨਿਆ ਕਬੀਰ ਜੀ ਗਉੜੀ ਕਾ ਰਾਗ ਅੰਗੀਕਾਰ ਕੀਆ ਹੈ ਅਰ ਸਿਧਹੁ ਨੇ ਰਾਮਕਲੀ ਕਾ ਰਾਗ ਅੰਗੀਕਾਰ ਕੀਆਂ ਹੈ ਅਰ ਹਮਾਰੇ ਸਭੀ ਰਾਗ ਹੈਂ ਅਰ ਇਹ ਪੀਰ ਆਸਾਵੰਤ ਆਇਆ ਹੈ ਸੋ ਆਸਾ ਕੇ ਰਾਗ ਵਿਚ ਵਾਰ ਸੁਣਾਵਹੁ।"*

ਆਸਾ ਰਾਗ ਪੰਜਾਬ ਦੇ ਲੋਕ ਸੰਗੀਤ ਵਿੱਚ ਵੀ ਗਾਇਨ ਕੀਤਾ ਜਾਂਦਾ ਹੈ। ਇਸ ਰਾਗ ਵਿੱਚ ਦਰਜ ਹੋਏ ਗੁਰੂ ਰਾਮ ਦਾਸ ਜੀ ਦੇ ਛੰਤ ਆਸਾ ਦੀ ਵਾਰ ਨਾਲ ਮਿਲਾ ਕੇ ਗਾਇਨ ਕੀਤੇ ਜਾਂਦੇ ਹਨ। ਛੰਤ ਇੱਕ ਲੋਕ ਕਾਵਿ ਰੂਪ ਅਤੇ ਗਾਇਨ ਸ਼ੈਲੀ ਹੈ। ਆਸਾ ਰਾਗ ਵਿੱਚ ਛੰਤਾਂ ਦੀ ਇੱਕ ਵਿਸ਼ੇਸ਼ ਵੰਨਗੀ ਰਹੋਏ ਕੇ ਛੰਤ, ਛੰਤਾਂ ਕੀ ਜਤ ਸ਼ੈਲੀ ਅਧੀਨ ਵੀ ਗਾਇਨ ਕੀਤੇ ਜਾਂਦੇ ਹਨ।

ਪੰਜਾਬ ਵਿੱਚ ਪ੍ਰਚਲਤ ਟੁੰਡੇ ਅਸ ਰਾਜੇ ਦੀ ਲੋਕ ਵਾਰ ਦੀ ਧੁਨੀ ਉਤੇ ਸਵੇਰੇ ਆਸਾ ਦੀ ਵਾਰ ਦਾ ਗਾਇਨ ਅਤੇ ਸ਼ਾਮ ਨੂੰ ਸੋਦਰ ਦੀ ਚੌਕੀ ਦਾ ਗਾਇਨ ਦਰਸਾਉਂਦਾ ਹੈ ਕਿ ਇਹ ਰਾਗ ਪੰਜਾਬ ਦੇ ਲੋਕਾਂ ਦਾ ਹਰਮਨ ਪਿਆਰਾ ਰਾਗ ਰਿਹਾ ਹੈ।

ਗੁਰਮਤਿ ਸੰਗੀਤ ਪਰੰਪਰਾ ਵਿੱਚ ਇਸ ਰਾਗ ਦਾ ਸਰਬ ਪ੍ਰਵਾਣਿਤ ਕਿਰਿਆਤਮਕ ਸਰੂਪ ਨਿਮਨ ਲਿਖਤ ਅਨੁਸਾਰ ਹੈ:

ਥਾਟ : ਬਿਲਾਵਲ, ਜਾਤੀ : ਔਡਵ-ਸੰਪੂਰਨ,

ਸਮਾਂ : ਸਵੇਰ ਅਤੇ ਸ਼ਾਮ

ਵਾਦੀ : ਮਧਿਅਮ, ਸੰਵਾਦੀ: ਸ਼ਡਜ

ਆਰੋਹ : ਸ ਰੇ ਮ ਪ ਧ ਸਂ

ਅਵਰੋਹ: ਸਂ ਨੀ ਧ ਪ, ਮ, ਗ ਰੇ, ਸ ਗ ਰੇ ਗ ਸ

ਆਸਾ ਰਾਗ ਵਿੱਚ ਪਦੇ, ਅਸ਼ਟਪਦੀਆਂ, ਛੰਤ ਆਦਿ ਦਾ ਗਾਇਨ ਤਾਂ ਹੁੰਦਾ ਹੀ ਹੈ, ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਮਰ ਦਾਸ ਜੀ ਦੁਆਰਾ ਰਚਿਤ ਪੱਟੀ ਰਚਨਾਵਾਂ ਦਾ ਗਾਇਨ ਵੀ ਹੁੰਦਾ ਰਿਹਾ ਹੈ। ਇਹਨਾਂ ਲਮੇਰੀਆਂ ਰਚਨਾਵਾਂ ਉੱਤੇ ਰਾਗ ਆਸਾ ਦੇ ਸੰਕੇਤ ਦਾ ਦਰਜ ਹੋਣਾ ਅਤੇ ਰਹਾਉ ਦੀ ਤੁਕ ਦਾ ਆਉਣਾ ਇਹ ਦਰਸਾਉਂਦਾ ਹੈ ਕਿ ਇਹ ਰਚਨਾਵਾਂ ਗਾਇਨ ਕੀਤੀਆਂ ਜਾ ਸਕਦੀਆਂ ਹਨ। ਅੱਜ-ਕਲ ਲਮੇਰੀਆਂ ਰਚਨਾਵਾਂ ਦੇ ਗਾਇਨ ਕਰਨ ਦਾ ਰਿਵਾਜ ਭਾਵੇਂ ਘਟ ਗਿਆ ਹੈ ਪਰ ਪੁਰਾਤਨ ਕਾਲ ਵਿੱਚ ਅਜਿਹੀਆਂ ਲੰਮੇਰੀਆਂ ਕਾਵਿ ਰਚਨਾਵਾਂ ਨੂੰ ਵਿਸ਼ੇਸ਼ ਰੂਪ ਵਿੱਚ ਗਾਇਨ ਕਰਨ ਦੀ ਪਰੰਪਰਾ ਰਹੀ ਹੈ। ਪੰਡਤ ਚਿੰਤਾਮਣੀ ਅਨੁਸਾਰ ਪੁਰਾਤਨ ਕਾਲ ਵਿੱਚ ਸਤੁਤੀ, ਸਤਾਵਨ ਸਤੋਤਰ ਗਾਇਨ ਪੱਧਤੀ ਦਾ ਅਵਿਸ਼ਕਾਰ ਅਜੇਹੀਆਂ ਲੰਮੇਰੀਆਂ ਰਚਨਾਵਾਂ ਦੇ ਗਾਇਨ ਲਈ ਹੋਇਆ।[3] ਰਾਗ ਆਸਾ ਵਿੱਚ ਕੁਝ ਵਿਸ਼ੇਸ਼ ਬਾਣੀਆਂ ਵਿਸ਼ੇਸ਼ ਗਾਇਨ ਸ਼ੈਲੀਆਂ ਅਧੀਨ ਗਾਇਨ ਕਰਨ ਲਈ ਦਰਜ ਕੀਤੀ ਗਈਆਂ ਹਨ। ਕੁਝ ਦਾ ਵੇਰਵਾ ਅੱਗੇ ਦਿਤਾ ਜਾ ਰਿਹਾ ਹੈ:

**ਆਸਾ ਦੀ ਵਾਰ:** ਆਸਾ ਰਾਗ ਵਿੱਚ ਜੇ ਕੋਈ ਸਭ ਤੋਂ ਵਧ ਰਚਨਾ ਗਾਇਨ ਕੀਤੀ ਗਈ ਹੈ ਤਾਂ ਉਹ ਆਸਾ ਦੀ ਵਾਰ ਹੈ। ਲਗਭਗ ਹਰ ਗੁਰਦੁਆਰੇ ਵਿੱਚ ਇਸ ਵਾਰ ਦਾ ਗਾਇਨ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਇਸ ਵਾਰ ਦਾ ਸਿਰਲੇਖ ਆਸਾ ਰਾਗ ਦੇ ਪੁਰਾਤਨ ਕਾਲ ਤੋਂ ਪ੍ਰਚਲਤ ਹੋਣ ਦੀ ਗਵਾਹੀ ਭਰਦਾ ਹੈ ਜਦੋਂ ਅਸੀਂ ਵੇਖਦੇ ਹਾਂ ਇਸ ਰਾਗ ਵਿੱਚ ਇੱਕ ਪੁਰਾਤਨ ਲੋਕ ਵਾਰ ਦਾ ਵੀ ਗਾਇਨ ਹੁੰਦਾ ਆ ਰਿਹਾ ਹੈ।

**ਆਸਾ ਮਹਲਾ ੧**

***ਵਾਰ ਸਲੋਕਾ ਨਾਲਿ ਸਲੋਕ ਭੀ***

*ਮਹਲੇ ਪਹਿਲੇ ਕੇ ਲਿਖੇ*
*ਟੁੰਡੇ ਅਸਰਾਜੈ ਕੀ ਧੁਨੀ।*

(ਸ੍ਰੀਗੁਰੂ ਗ੍ਰੰਥ ਸਾਹਿਬ ਪੰਨਾ 462)

ਗੁਰੂ ਨਾਨਕ ਦੇਵ ਜੀ ਦਾ ਟੁੰਡੇ ਅਸ ਰਾਜੇ ਦੀ ਵਾਰ ਦੀ ਧੁਨੀ ਦੇ ਅਧਾਰ ਤੇ ਆਪਣੀ ਵਾਰ ਗਾਇਨ ਕਰਨ ਦਾ ਆਦੇਸ਼ ਦੇਣਾ ਇਹ ਸਾਬਤ ਕਰਦਾ ਹੈ ਕਿ ਟੁੰਡੇ ਅਸ ਰਾਜੇ ਦੀ ਵਾਰ ਉਸ ਵੇਲੇ ਪੰਜਾਬ ਦੀ ਲੋਕ ਧਾਰਾ ਵਿੱਚ ਬਹੁਤ ਪ੍ਰਚਲਤ ਸੀ। ਆਮ ਲੋਕਾਂ ਵਿੱਚ ਆਪਣੀ ਵਾਰ ਪ੍ਰਚਲਤ ਕਰਨ ਲਈ ਇਸ ਧੁਨੀ ਨੂੰ ਗੁਰੂ ਸਾਹਿਬ ਨੇ ਉਸੇ ਤਰਾਂ ਅਪਣਾਇਆ ਜਿਵੇਂ ਗੁਰੂ ਗ੍ਰੰਥ ਸਾਹਿਬ ਵਿੱਚ ਹੋਰ ਲੋਕ ਗੀਤਾਂ ਛੰਤ, ਅਲਾਹੁਣੀਆਂ, ਘੋੜੀਆਂ ਆਦਿ ਦੀਆਂ ਧੁਨੀਆਂ/ਤਰਜ਼ਾਂ ਉਪਰ ਗਾਇਨ ਕਰਨ ਲਈ ਬਾਣੀ ਰਚਨਾ ਕੀਤੀ ਗਈ ਹੈ।

ਜਿਵੇਂ ਕਿ ਪਹਿਲਾਂ ਦੱਸ ਚੁਕੇ ਹਾਂ ਕਿ ਸਿੱਖ ਜਗਤ ਵਿੱਚ ਇਸ ਵਾਰ ਦਾ ਗਾਇਨ ਬਾਕੀ ਸਾਰੀਆਂ ਰਚਨਾਵਾਂ ਨਾਲੋਂ ਵਧੇਰੇ ਹੋਇਆ ਹੈ। ਅਜੇ ਵੀ ਸਿੱਖ ਧਾਰਮਿਕ ਸਥਾਨਾਂ ਤੇ ਇਸ ਵਾਰ ਨੂੰ ਗਾਇਨ ਕਰਨ ਲਈ ਵਿਸ਼ੇਸ਼ ਚੌਕੀ ਲਗਾਈ ਜਾਂਦੀ ਹੈ। ਭਾਈ ਕਾਹਨ ਸਿੰਘ ਨਾਭਾ ਅਨੁਸਾਰ[4] ਗੁਰੂ ਅਰਜਨ ਦੇਵ ਜੀ ਨੇ ਕੀਰਤਨ ਕਰਨ ਲਈ ਜਿਹੜੀਆਂ ਚਾਰ ਚੌਕੀਆਂ ਨਿਸਚਿਤ ਕੀਤੀਆਂ ਸਨ ਉਹਨਾਂ ਵਿਚੋਂ ਇਕ ਚੌਕੀ ਆਸਾ ਦੀ ਵਾਰ ਦੇ ਕੀਰਤਨ ਦੀ ਹੈ। ਇਹ ਕੀਰਤਨ ਅੰਮ੍ਰਿਤ ਵੇਲੇ ਕੀਤਾ ਜਾਂਦਾ ਹੈ। ਇਸ ਵਾਰ ਦੀ ਗਾਇਨ ਵਿਧੀ ਵਿੱਚ ਗੁਰੂ ਰਾਮ ਦਾਸ ਜੀ ਦੇ ਆਸਾ ਰਾਗ ਵਿੱਚ ਰਚੇ ਹੋਏ ਛੰਤਾਂ ਦੇ 24 ਛਕੇ ਵੀ ਸ਼ਾਮਲ ਕੀਤੇ ਜਾਂਦੇ ਹਨ। ਮਹਾਨ ਕੋਸ਼[5] ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਆਸਾ ਦੀ ਵਾਰ ਦੇ ਨਾਲ ਇਹਨਾਂ ਛਕਿਆਂ ਨੂੰ ਮਿਲਾ ਕੇ ਕੀਰਤਨ ਕਰਨਾ ਸਿਖਾਇਆ ਹੈ। ਇਸ ਤਰ੍ਹਾਂ ਇਸ ਵਾਰ ਦੇ ਗਾਇਨ ਦੀ ਤਰਤੀਬ ਹੇਠ ਲਿਖੇ ਅਨੁਸਾਰ ਬਣ ਜਾਂਦੀ ਹੈ।

ਪਹਿਲਾਂ ਰਾਗ ਆਸਾ ਵਿੱਚ ਗੁਰੂ ਰਾਮ ਦਾਸ ਜੀ ਦਾ ਇੱਕ ਛੱਕਾ-ਛੰਤ ਗਾਇਆ ਜਾਂਦਾ ਹੈ। ਆਮ ਤੌਰ ਤੇ ਇਹ ਛੱਕਾ ਇਕਤਾਲ ਵਿੱਚ ਗਾਇਆ ਜਾਂਦਾ ਹੈ। ਫੇਰ ਵਾਰ ਨਾਲ ਦਰਜ ਸਲੋਕ ਦਾ ਬਿਨਾਂ ਤਾਲ ਤੋਂ ਤਰੰਨਮ ਵਿੱਚ ਗਾਇਨ ਕੀਤਾ ਜਾਂਦਾ ਹੈ। ਇੱਕ ਸਲੋਕ ਇਕ ਰਾਗੀ ਗਾਉਂਦਾ ਹੈ। ਫੇਰ ਦੂਜਾ ਸਲੋਕ ਦੂਜਾ ਰਾਗੀ। ਇਸ ਤਰ੍ਹਾਂ ਸਲੋਕਾਂ ਦਾ ਗਾਇਨ ਰਾਗੀ ਵਾਰੋ ਵਾਰੀ ਕਰਦੇ ਹਨ। ਉਪਰੰਤ ਪਉੜੀ ਨੂੰ ਸਾਰੇ ਰਾਗੀ ਇਕੱਠੇ ਗਾਉਂਦੇ ਹਨ। ਪਉੜੀ ਨਾਲ ਇੱਕ ਵਿਸ਼ੇਸ਼ ਤਾਲ ਵਜਾਈ ਜਾਂਦੀ ਹੈ ਇਸ ਦੇ ਬੋਲ ਹਨ :

×

**ਗੇ ਤਿਟ ਤਾ ਗੇ ਤਾ**

ਪਉੜੀ ਦੀ ਅੰਤਲੀ ਤੁਕ ਦਾ ਤੋਲ ਬਾਕੀ ਤੁਕਾਂ ਦੇ ਮੁਕਾਬਲੇ ਅੱਧਾ ਹੈ। ਗਾਇਨ ਵਿੱਚ ਇਸ ਦੇ ਮੁਕਾਅ ਦਾ ਢੰਗ ਵੀ ਵਿਸ਼ੇਸ਼ ਹੈ। ਇਸ ਨੂੰ ਨਿਮਨਲਿਖਤ ਅਨੁਸਾਰ ਇੱਕ ਮਾਤਰਾ ਵਧਾ ਕੇ ਇਸ ਦਾ ਮੁਕਾ ਕੀਤਾ ਜਾਂਦਾ ਹੈ:

*ਕਰਿ ਆਸਣ-ਡਿਠੋ ਚਾਉ-ਡਿਠੋ*
*ਚਾਉ-ਡਿਠੋ ਚਾ-ਉ।*

ਫੇਰ ਇਸ ਪਉੜੀ ਦਾ ਪਾਠ ਤਬਲੇ ਵਾਲਾ ਬਿਨਾਂ ਤਾਲ ਦੇ ਕਰਦਾ ਹੈ। ਫੇਰ ਦੂਜਾ ਛੱਕਾ ਗਾਇਆ ਜਾਂਦਾ ਹੈ। ਇਸੇ ਤਰ੍ਹਾਂ ਸਾਰੀਆਂ ਪਉੜੀਆਂ ਗਾਈਆਂ ਜਾਂਦੀਆਂ ਹਨ। ਕਈ ਵਾਰ ਰਾਗੀ ਆਪਣੀ ਮਰਜ਼ੀ ਨਾਲ ਛਕੇ ਦੇ ਭਾਵਾਂ ਨਾਲ ਮਿਲਦੇ-ਜੁਲਦੇ ਸ਼ਬਦਾਂ ਦਾ ਗਾਇਨ ਵੀ ਕਰਦੇ ਹਨ।

ਧੁਨ ਵਾਲੀ ਵਾਰ ਦਾ ਅਤੇ ਆਸਾ ਦੀ ਵਾਰ ਦਾ ਤੋਲ ਆਪਸ ਵਿੱਚ ਮਿਲਦਾ ਹੈ। ਦੋਵੇਂ ਇੱਕ ਹੀ ਧੁਨ ਉੱਤੇ ਗਾਈਆਂ ਜਾ ਸਕਦੀਆਂ ਹਨ। ਹੋ ਸਕਦਾ ਕਿ ਜਿਹੜੀ ਧੁਨੀ ਅੱਜਕਲ੍ਹ ਆਸਾ ਦੀ ਵਾਰ ਦੇ ਗਾਇਨ ਲਈ ਪ੍ਰਚਲਤ ਹੈ ਉਹ ਟੁੰਡੇ ਅਸ ਰਾਜੇ ਦੀ ਵਾਰ ਦੀ ਧੁਨੀ ਹੋਵੇ :

ਧੁਨੀ ਵਾਲੀ ਵਾਰ
*ਭਬਕਿਓ ਸ਼ੇਰ ਸਰਦੂਲ ਰਾਇ ਰਣ ਮਾਰੂ ਵੱਜੇ॥*
*ਖਤ ਲਿਖੇ ਟੁੰਡੇ ਅਸਰਾਜ ਨੂੰ ਪਾਤਸ਼ਾਹੀ ਅੱਜੇ॥* [6]

ਆਸਾ ਦੀ ਵਾਰ
*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ਕਰਿ*
*ਆਸਣੁ ਡਿਠ ਚਾਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 463)*

ਸੋਦਰ:

ਆਸਾ ਦੀ ਵਾਰ ਵਾਂਗ ਗੁਰੂ ਨਾਨਕ ਦੇਵ ਜੀ ਦਾ ਰਚਿਆ ਸ਼ਬਦ ਸੋਦਰ ਵੀ ਉਹਨਾਂ ਦੇ ਜੀਵਨ ਕਾਲ ਸਮੇਂ

ਤੋਂ ਹੀ ਆਸਾ ਰਾਗ ਵਿੱਚ ਗਾਇਨ ਕੀਤਾ ਜਾ ਰਿਹਾ ਹੈ। ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਤਿੰਨ ਵਾਰ ਦਰਜ ਹੋਇਆ ਹੈ। ਪਹਿਲੀ ਵਾਰ ਜਪੁਜੀ ਦੀ ਸਤਾਈਵੀਂ ਪਉੜੀ ਦੇ ਰੂਪ ਵਿੱਚ, ਦੂਜੀ ਵਾਰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੋਈਆਂ ਪਹਿਲੀਆਂ ਬਾਣੀਆਂ ਵਿੱਚ ਜਿਸਨੂੰ ਅੱਜ ਕਲ੍ਹ ਰਹਿਰਾਸ ਵੀ ਕਿਹਾ ਜਾਂਦਾ ਹੈ ਅਤੇ ਤੀਜੀ ਵਾਰ ਰਾਗ ਆਸਾ ਦੀ ਬਾਣੀ ਵਿੱਚ ਦਰਜ ਹੋਇਆ ਹੈ। ਇਸ ਸ਼ਬਦ ਨੂੰ ਇੱਕ ਵਿਸ਼ੇਸ਼ ਸ਼ੈਲੀ ਵਿੱਚ ਗਾਇਨ ਕੀਤਾ ਜਾਂਦਾ ਹੈ। ਇਸ ਦੇ ਗਾਇਨ ਕਰਨ ਲਈ ਗੁਰਮਤਿ ਸੰਗੀਤ ਪਰੰਪਰਾ ਵਿੱਚ ਇੱਕ ਵਿਸ਼ੇਸ਼ ਚੌਕੀ ਦਾ ਗਠਨ ਕੀਤਾ ਗਿਆ ਹੈ। ਇਸ ਚੌਕੀ ਨੂੰ ਸੋਦਰ ਦੀ ਚੌਕੀ ਕਿਹਾ ਜਾਂਦਾ ਹੈ। ਇਸ ਨੂੰ ਗਾਇਨ ਕਰਨ ਦੀ ਪਰੰਪਰਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਚੱਲੀ ਆ ਰਹੀ ਹੈ। ਸਿੱਖ ਇਤਿਹਾਸ ਤੋਂ ਪ੍ਰਗਟ ਹੁੰਦਾ ਹੈ ਕਿ ਉਦਾਸੀਆਂ ਉਪਰਾਂਤ ਜਦੋਂ ਸ੍ਰੀ ਗੁਰੂ ਨਾਨਕ ਸਾਹਿਬ ਨੇ ਕਰਤਾਰ ਪੁਰ ਵਿਖੇ ਸਿੱਖ ਧਰਮਸਾਲ (ਗੁਰਦੁਆਰਾ) ਦੇ ਸੰਸਥਾਗਤ ਪ੍ਰਚਲਨ ਲਈ ਵਾਸ ਕੀਤਾ ਤਾਂ ਉਸ ਸਮੇ ਸੋਦਰ ਦਾ ਗਾਇਨ ਕੀਤਾ ਜਾਂਦਾ ਸੀ:

*ਫਿਰਿ ਬਾਬਾ ਆਇਆ ਕਰਤਾਰ ਪੁਰਿ*
*ਭੇਖ ਉਦਾਸੀ ਸਗਲ ਉਤਾਰਾ॥*

————————————

*ਗਿਆਨ ਗੋਸਟਿ ਚਰਚਾ ਸਦਾ*
*ਅਨਹਦਿ ਸਬਦਿ ਪਿਛੈ ਧੁਨਕਾਰਾ ॥*
*ਸੋਦਰੁ ਆਰਤੀ ਗਾਵੀਐ*
*ਅੰਮ੍ਰਿਤ ਵੇਲੇ ਜਪ ਉਚਾਰਾ॥*

(ਭਾਈ ਗੁਰਦਾਸ, ਵਾਰ 1, ਪਉੜੀ 38)

ਅੱਜਕਲ੍ਹ ਵੀ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਵਿੱਚ ਸੋਦਰ ਦੀ ਚੌਕੀ ਦਾ ਕੀਰਤਨ ਰਹਿਰਾਸ ਤੋਂ ਪਹਿਲਾਂ ਕੀਤਾ ਜਾਂਦਾ ਹੈ।

ਸੋਦਰ ਗਾਇਨ ਕਰਨ ਤੋਂ ਪਹਿਲਾਂ ਰਾਗੀ ਆਸਾ ਦੀ ਵਾਰ ਦੇ ਆਖਰੀ ਛੱਕੇ (ਹਰਿ ਜੁਗ ਜੁਗ ਭਗਤ ਉਪਾਇਆ) ਦਾ ਗਾਇਨ ਰਾਗ ਆਸਾ ਅਤੇ ਇਕਤਾਲ ਵਿੱਚ ਕਰਦੇ ਹਨ। ਉਪਰੰਤ ਆਸਾ ਦੀ ਵਾਰ ਦਾ ਸਲੋਕ (ਦੁਖ ਦਾਰੂ ਸੁਖ ਰੋਗ ਭਇਆ) ਉਚਾਰਿਆ ਜਾਂਦਾ ਹੈ ਅਤੇ ਫਿਰ ਸੋਦਰ ਦਾ ਗਾਇਨ ਪਉੜੀ ਸ਼ੈਲੀ ਵਿੱਚ ਕੀਤਾ ਜਾਂਦਾ ਹੈ। ਆਮ ਤੌਰ ਤੇ ਇਹ ਸ਼ੈਲੀ ਟੁੰਡੇ ਅਸ ਰਾਜੇ ਵਾਲੀ ਵਾਰ ਦੀ ਧੁਨੀ ਵਾਲੀ ਹੀ ਹੁੰਦੀ ਹੈ। ਇਸ ਦਾ ਮੁਕਾਉ ਵੀ ਆਸਾ ਦੀ ਵਾਰ ਦੀ ਆਖਰੀ ਪਉੜੀ ਵਾਂਗ ਕੀਤਾ ਜਾਂਦਾ ਹੈ।

ਗੁਰਮਤਿ ਸੰਗੀਤ ਵਿੱਚ ਗੁਰਬਾਣੀ ਨੂੰ ਰਾਗਾਂ ਵਿੱਚ ਗਾਇਨ ਕਰਨ ਦੀ ਪ੍ਰਕਿਰਿਆ ਨੂੰ ਕੀਰਤਨ ਕਿਹਾ ਜਾਂਦਾ ਹੈ। ਕੀਰਤਨ ਦੀ ਮਹੱਤਤਾ ਸਬੰਧੀ ਆਸਾ ਰਾਗ ਦੀ ਬਾਣੀ ਵਿੱਚ ਕੀਤੇ ਕਥਨ ਉਲੇਖ ਯੋਗ ਹਨ। ਇਹ ਵਿਚਾਰ ਇਤਨੇ ਸਪਸ਼ਟ ਹਨ ਕਿ ਇਹਨਾਂ ਦੀ ਵਿਆਖਿਆ ਕਰਨ ਦੀ ਲੋੜ ਮਹਿਸੂਸ ਨਹੀਂ ਹੁੰਦੀ। ਕੀਰਤਨ ਸਬੰਧੀ ਇਸ ਰਾਗ ਅਧੀਨ ਦਰਜ ਗੁਰਬਾਣੀ ਦੀਆਂ ਕੁਝ ਤੁਕਾਂ ਨਿਮਨਲਿਖਤ ਹਨ:

*ਭਗਤ ਜਨਾ ਕਉ ਸਦਾ ਅਨੰਦੁ ਹੈ*
*ਹਰਿ ਕੀਰਤਨ ਗਾਇ ਬਿਗਸਾਵੈ॥*

(ਆਸਾ ਮਹਲਾ 5, ਪੰਨਾ 373)

*ਧੰਨੁ ਸੁ ਕਲਜੁਗੁ ਸਾਧ ਸੰਗਿ ਕੀਰਤਨੁ ਗਾਈਐ*
*ਨਾਨਕ ਨਾਮ ਆਧਾਰ ਹੀਓ॥*

(ਆਸਾ ਮਹਲਾ 5, ਪੰਨਾ 382)

*ਦਿਨਸੁ ਰੈਨਿ ਹਰਿ ਕੀਰਤਨ ਗਾਈਐ॥*
*ਸੋ ਜਨੁ ਜਮ ਕੀ ਵਾਟ ਨ ਪਾਈਐ॥*

(ਆਸਾ ਮਹਲਾ 5, ਪੰਨਾ 386)

*ਰਾਜ ਲੀਲਾ ਤੇਰੈ ਨਾਮਿ ਬਨਾਈ॥*
*ਜੋਗੁ ਬਨਿਆ ਤੇਰਾ ਕੀਰਤਨੁ ਗਾਈ॥*

(ਆਸਾ ਮਹਲਾ 5 ਪੰਨਾ 385)

*ਮਿਟੇ ਦੂਖ ਕਲਿਆਣ ਕੀਰਤਨੁ*
*ਬਹੁੜ ਜੋਨਿ ਨ ਪਾਵਾ॥*

(ਆਸਾ ਮਹਲਾ 5 ਪੰਨਾ 453)

ਕੀਰਤਨ ਦੀ ਮਹੱਤਤਾ ਕਾਰਨ ਗੁਰੂ ਸਾਹਿਬ ਉਸ ਸਥਾਨ ਬਾਰੇ ਸਪਸ਼ਟ ਕਰਦੇ ਹਨ ਜਿਥੇ ਹਰ ਸਮੇਂ ਕੀਰਤਨ ਹੁੰਦਾ ਹੈ:

*ਸੋ ਅਸਥਾਨ ਬਤਾਵਹੁ ਮੀਤਾ॥*
*ਜਾ ਕੈ ਹਰਿ ਹਰਿ ਕੀਰਤਨ ਨੀਤਾ॥*

————————————————

*ਸਾਧ ਸੰਗਿ ਹਰਿ ਕੀਰਤਨ ਗਾਈਐ॥*
*ਇਹੁ ਅਸਥਾਨ ਗੁਰੂ ਤੇ ਪਾਈਐ॥*

(ਆਸਾ ਮਹਲਾ 5, ਪੰਨਾ 385)

ਪਰ ਇਹ ਕੀਰਤਨ ਦਾ ਰਸ ਕਿਸੇ ਵਿਰਲੇ ਨੂੰ ਪ੍ਰਾਪਤ

ਹੁੰਦਾ ਹੈ:

*ਅੰਮ੍ਰਿਤ ਰਸ ਹਰਿ ਕੀਰਤਨੋ ਕੋ ਵਿਰਲਾ ਪੀਵੈ॥*

(ਆਸਾ ਮਹਲਾ 5, ਪੰਨਾ 400)

ਕੀਰਤਨ ਕਰਨ ਦੀ ਪ੍ਰਕਿਰਿਆ ਇੱਕ ਕਲਾਕਾਰੀ ਕਿਰਿਆ ਹੈ। ਸੰਗੀਤ ਕਲਾ ਦਾ ਅਭਿਆਸ ਕਰਕੇ ਇਸ ਵਿੱਚ ਪ੍ਰਵੀਣ ਹੋ ਕੇ ਕੀਰਤਨ ਕਰਨਾ ਚੰਗਾ ਹੈ । ਪਰ ਕਈ ਵਾਰ ਕੀਰਤਨੀਏ ਨੂੰ ਆਪਣੀ ਕਲਾ ਤੇ ਅਭਿਮਾਨ ਹੋ ਜਾਂਦਾ ਹੈ। ਜਦੋਂ ਉਹ ਇਸ ਅਭਿਮਾਨ ਅਧੀਨ ਕੀਰਤਨ ਕਰਦਾ ਹੈ ਤਾਂ ਉਸ ਦੁਆਰਾ ਕੀਤਾ ਇਹ ਕੀਰਤਨ ਪ੍ਰਭੂ ਦਰ ਤੇ ਪ੍ਰਵਾਨ ਨਹੀਂ ਹੁੰਦਾ। ਆਸਾ ਰਾਗ ਵਿੱਚ ਗੁਰੂ ਨਾਨਕ ਦੇਵ ਜੀ ਨੇ ਇਸ ਅਵਸਥਾ ਬਾਰੇ ਵੀ ਵਿਸ਼ੇਸ਼ ਤੌਰ ਤੇ ਕਥਨ ਕੀਤੇ ਹਨ। ਇਸ ਅਵਸਥਾ ਬਾਰੇ ਮਿਹਰਬਾਨ ਵਾਲੀ ਜਨਮ ਸਾਖੀ ਵਿੱਚ ਆਸਾ ਰਾਗ ਅਧੀਨ ਦਰਜ ਇੱਕ ਸ਼ਬਦ ਦਾ ਹਵਾਲਾ ਦਿੰਦਿਆਂ ਇੱਕ ਸਾਖੀ ਵੀ ਬਿਆਨ ਕੀਤੀ ਹੈ।

ਮਿਹਰਬਾਨ ਵਾਲੀ ਜਨਮ ਸਾਖੀ ਦੀ ਦੂਜੀ ਜਿਲਦ ਵਿੱਚ ਇੱਕ ਸਾਖੀ ਅੰਗਦ ਜੀ ਦੀ ਰਾਹੀਂ ਮਿਹਰ[7] ਵਿੱਚ ਲਿਖਿਆ ਹੈ:-

**ਤਬ ਏਕ ਦਿਨਿ ਗੁਰੂ ਬਾਬਾ ਨਾਨਕੁ ਜੀ ਕਰਤਾਰ ਪੁਰਿ ਬੈਠਾ ਹੈ ਆਪਣੇ ਅਸਥਰ ਵਿਖੇਂ। ਅਰੁ ਏਕੁ ਤੀਨਿ ਚਾਰਿ ਬੈਸਨਉ ਗਿਆਨੀ ਆਪਸ ਕਉ ਚਤੁਰ ਬੇਤੇ ਜਾਨਿ ਕਰਿ, ਗੁਰੂ ਬਾਬੇ ਕਉ ਆਇ ਮਿਲੈ। ਆਇ ਰਾਮ ਕ੍ਰਿਸਨੁ ਕਰਿ ਬੈਠੇ। ਤਬ ਗੁਰੂ ਬਾਬੇ ਉਨ ਕਉ ਬਹੁਤੁ ਆਦਰੁ ਕੀਆ। ਤਬ ਘੜੀ ਹੇਕ ਦੋਇ ਸਸਤਾਇ ਕਰਿ, ਉਇ ਉਠਿ ਕੀਰਤਨ ਕਰਨੇ ਲਾਗੇ ਰਾਗ ਕਉ ਭਲੀ ਭਾਂਤਿ ਆਲਾਪਿ ਕਰਿ ਅਰੁ ਰੀਝਿ ਰੀਝਿ ਅਖੀ ਮੀਟ ਕਰ ਲਾਗੇ ਗਾਵਣੈ ਅਰੁ ਗਾਵਿ ਗਾਵਿ ਸਾਥੈ ਅਰਥੁ ਲਾਗੇ ਸਮਝਾਵਣੇ, ਆਪ ਕਉ ਚਤੁਰ ਬੇਤੇ ਜਾਣਿ ਕਰਿ। ਤਬ ਗੁਰੂ ਅੰਗਦ, ਗੁਰੂ ਬਾਬੇ ਨਾਨਕ ਜੀ ਪਾਸਿ ਬੇਨਤੀ ਕਰੀ ਜਿ, ਜੀ ਪਾਤਸਾਹ ਏਹ ਤਉ ਬਹੁਤੁ ਹੀ ਬਹੁਤੁ ਉਮਗਿ ਉਮਗਿ ਕਰਿ ਰਾਗ ਕਉ ਗਾਵਤੇ ਹੈਂ, ਪਰੁ ਜੀ ਦੇਖਾਂ, ਏਨਾਂ ਕੇ ਮਨ ਕੀ ਬਾਤ ਕਿਉ ਕਰਿ ਹੈ? ਤਬ ਉਨ ਕੇ ਪ੍ਰਥਾਇ ਗੁਰੂ ਬਾਬਾ ਨਾਨਕੁ ਜੀ ਬ੍ਰਾਣੀ ਬੋਲਿ ਉਠਿਆ, ਆਸਾ ਰਾਗ ਮਹਿ ਜਿ:-**

*ਗਾਵਹਿ ਗੀਤੇ ਚੀਤਿ ਅਨੀਤੇ॥*
*ਰਾਗੁ ਸੁਨਾਇ ਕਹਾਵਹਿ ਬੀਤੇ॥*

(ਆਸਾ ਮਹਲਾ ੧, ਪੰਨਾ 414)

ਆਸਾ ਰਾਗ ਦੇ ਛੰਤਾਂ ਵਿੱਚ ਇਸ ਤਰ੍ਹਾਂ ਦੇ ਭਾਵ ਹੀ ਗੁਰੂ ਰਾਮ ਦਾਸ ਜੀ ਪ੍ਰਗਟ ਕਰਦੇ ਹਨ:

*ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ*
*ਨਹੀ ਹਰਿ ਹਰਿ ਭੀਜੇ ਰਾਮ ਰਾਜੇ॥*
*ਜਿਨਾ ਅੰਤਰਿ ਕਪਟੁ ਵਿਕਾਰੁ ਹੈ*
*ਤਿਨਾ ਰੋਇ ਕਿਆ ਕੀਜੈ॥*

(ਆਸਾ ਮਹਲਾ 4, ਪੰਨਾ 450)

ਰਾਗ ਆਸਾ, ਆਸ਼ਾ ਵਾਦੀ ਭਾਵਾਂ ਦੇ ਅਨੁਕੂਲ ਹੈ। ਗੁਰਮਤਿ ਸੰਗੀਤ ਰਤਨ ਭੰਡਾਰ[8] ਅਨੁਸਾਰ ਇਸ ਰਾਗ ਵਿਚ ਰਿਸ਼ਭ ਵਾਦੀ ਹੈ ਅਤੇ ਭਰਤ ਦੇ ਸੰਗੀਤ ਸਿਧਾਂਤ ਅਨੁਸਾਰ[9] ਜਿਨ੍ਹਾਂ ਰਾਗਾਂ ਵਿਚ ਇਹ ਸੁਰ ਵਾਦੀ ਹੋਵੇ ਉਹ ਬੀਰ ਰਸੀ ਭਾਵਾਂ ਜਿਨ੍ਹਾਂ ਦਾ ਸਥਾਈ ਭਾਵ ਉਤਸ਼ਾਹ ਹੈ, ਨੂੰ ਪ੍ਰਗਟ ਕਰਨ ਦੇ ਅਨੁਕੂਲ ਹੁੰਦੇ ਹਨ। ਇਸ ਲਈ ਉਤਸ਼ਾਹ ਦੇ ਭਾਵਾਂ ਨੂੰ ਵਧੇਰੇ ਮਾਤਰਾ ਵਿਚ ਇਸ ਰਾਗ ਰਾਹੀਂ ਪ੍ਰਗਟ ਕਰਨਾ ਕੋਈ ਅਚੇਤ ਕਾਰਜ ਜਾਂ ਅਚੁੱਕਵਾਂ ਨਹੀਂ। ਇਸੇ ਲਈ ਇਸ ਰਾਗ ਦੀ ਬਾਣੀ ਵਿਚ ਸੁਸਤੀ ਨੂੰ ਦੂਰ ਕਰਨ ਦੇ ਭਾਵ ਪ੍ਰਬਲ ਹਨ:

*ਉਦਮੁ ਕਰਹੁ ਵਡਭਾਗੀਹੋ*
*ਸਿਮਰਹੁ ਹਰਿ ਹਰਿ ਰਾਇ॥*

(ਆਸਾ ਮਹਲਾ 5, ਪੰਨਾ 456)

*ਵੰਞੁ ਮੇਰੇ ਆਲਸਾ ਹਰਿ ਪਾਸਿ ਬੇਨੰਤੀ॥*

(ਆਸਾ ਮਹਲਾ 5, ਪੰਨਾ 460)

*ਉਠਿ ਵਞੰ ਵਟਾਊੜਿਆ*
*ਤੈ ਕਿਆ ਚਿਰੁ ਲਾਇਆ॥*

(ਆਸਾ ਮਹਲਾ 5, ਪੰਨਾ 459)

ਇਸ ਰਾਗ ਦੀ ਬਾਣੀ ਵਿੱਚ ਆਸ਼ਾ ਵਾਦੀ ਭਾਵਾਂ ਦੇ ਨਾਲ ਨਾਲ ਗੁਰੂ ਸਾਹਿਬਾਨ ਆਸ ਸ਼ਬਦ ਦਾ ਪ੍ਰਯੋਗ ਚੰਗੀ ਅਤੇ ਮਾੜੀ ਆਸ ਵਾਸਤੇ ਕਰਦੇ ਹਨ। ਉਸ ਆਸ ਦਾ ਖੰਡਨ ਕੀਤਾ ਹੈ ਜਿਹੜੀ ਮਨੁੱਖ ਨੂੰ ਰਸਾਤਲ ਵੱਲ ਲੈ ਜਾਂਦੀ ਹੈ। ਆਸ ਸ਼ਬਦ ਦਾ ਇਸ ਰਾਗ ਦੀ ਬਾਣੀ ਵਿੱਚ ਬਹੁਤ ਪ੍ਰਯੋਗ ਹੋਇਆ ਹੈ:

*ਖਾਣ ਜੀਵਣ ਕੀ ਬਹੁਤੀ ਆਸ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 354)

*ਆਸਾ ਮਨਸਾ ਦੋਊ ਬਿਨਾਸਤ*

*ਤ੍ਰਿਹੁ ਗੁਣ ਆਸ ਨਿਰਾਸ ਭਈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 356)

*ਆਸ ਨਿਰਾਸੀ ਤਉ ਸੰਨਿਆਸੀ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 356)

ਏਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਪੰਨਾ 354 ਤੋਂ ਲੈ ਕੇ ਪੰਨਾ 462 ਤਕ 31 ਤੋਂ ਵਧੀਕ ਵੇਰ ਆਸ ਸ਼ਬਦ ਦਾ ਪ੍ਰਯੋਗ ਹੋਣਾ ਇਸ ਰਾਗ ਦੀ ਬਾਣੀ ਨੂੰ ਭਾਵ ਪੱਖੋਂ ਵਿਲੱਖਣ ਬਣਾਉਂਦਾ ਹੈ ਅਤੇ ਇਸ ਰਾਗ ਦਾ ਆਸ ਨਾਲ ਨੇੜਲਾ ਸੰਬੰਧ ਦਰਸਾਉਂਦਾ ਹੈ।

-ਇਸ ਰਾਗ ਵਿਚ ਸਥਾਈ ਸ਼ਿੰਗਾਰ ਨਾਲ ਸੰਬੰਧਤ ਭਾਵ ਵੀ ਪ੍ਰਗਟ ਹੋਏ ਹਨ। ਛੰਤਾਂ ਵਿੱਚ ਬੜੀ ਭਾਵ ਭਿੰਨੀ ਸ਼ੈਲੀ ਵਿੱਚ ਸੰਯੋਗ-ਸੁਖ ਪ੍ਰਾਪਤ ਕਰ ਚੁੱਕੀ ਇਕ ਸੁਹਾਗਣ ਇਸਤਰੀ ਰੂਪੀ ਸਾਧਕ ਵਲੋਂ ਨਵ-ਵਿਆਹੁਤਾ ਇਸਤਰੀ ਰੂਪੀ ਜਿਗਿਆਸੂ ਨੂੰ ਪਤੀ-ਪਰਮਾਤਮਾ ਦਾ ਪ੍ਰੇਮ -ਸੁਖ ਪ੍ਰਾਪਤ ਕਰਨ ਪ੍ਰੇਰਿਆ ਹੈ;

*ਮੁੰਧ ਜੋਬਨਿ ਬਾਲੜੀਏ*
*ਮੇਰਾ ਪਿਰੁ ਰਲੀਆਲਾ ਰਾਮ॥*
*ਧਨ ਪਿਰ ਨੇਹੁ ਘਣਾ*
*ਰਸਿ ਪ੍ਰੀਤਿ ਦਇਆਲਾ ਰਾਮ ॥*
*ਧਨ ਪਿਰਹਿ ਮੇਲਾ ਹੋਇ ਸੁਆਮੀ*
*ਆਪਿ ਪ੍ਰਭੁ ਕਿਰਪਾ ਕਰੇ॥*
*ਸੇਜਾ ਸੁਹਾਵੀ ਸੰਗਿ ਪਿਰ ਕੈ*
*ਸਾਤ ਸਰ ਅੰਮ੍ਰਿਤ ਭਰੇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 435-36)

*ਨਿਕਟਿ ਆਨਿ ਪ੍ਰਿਅ ਸੇਜ ਧਰੀ॥*
*ਕਾਨਿ ਕਢਨ ਤੇ ਛੂਟਿ ਪਰੀ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 384)

*ਮੇਰੀ ਸੇਜੜੀਐ ਆਡੰਬਰ ਬਣਿਆ॥*
*ਮਨਿ ਅਨਦੁ ਭਇਆ ਪ੍ਰਭੁ ਆਵਤੁ ਸੁਣਿਆ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 459)

*ਮੁੰਧ ਜੋਬਨਿ ਬਾਲੜੀਏ*
*ਮੇਰਾ ਪਿਰੁ ਰਲੀਆਲਾ ਰਾਮ॥*
*ਧਨ ਪਿਰ ਨੇਹੁ ਘਣਾ ਰਸਿ*
*ਪ੍ਰੀਤਿ ਦਇਆਲਾ ਰਾਮ ॥*
*ਧਨ ਪਿਰਹਿ ਮੇਲਾ ਹੋਇ ਸੁਆਮੀ*
*ਆਪਿ ਪ੍ਰਭੁ ਕਿਰਪਾ ਕਰੇ॥*
*ਸੇਜਾ ਸੁਹਾਵੀ ਸੰਗਿ ਪਿਰ ਕੈ*
*ਸਾਤ ਸਰ ਅੰਮ੍ਰਿਤ ਭਰੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 435-36)*

ਆਚਾਰੀਆ ਬ੍ਰਹਸਪਤੀ, ਭਰਤ ਦੇ ਸੰਗੀਤ ਸਿਧਾਂਤ ਬਾਰੇ ਲਿਖਦਿਆਂ ਦਸਦੇ ਹਨ ਕਿ ਜਿਨ੍ਹਾਂ ਰਾਗਾਂ ਵਿਚ ਮਧਮ ਸੁਰ ਵਾਦੀ ਹੁੰਦਾ ਹੈ ਉਹ ਰਾਗ ਸ਼ਿੰਗਾਰ ਰਸ ਨੂੰ ਪ੍ਰਗਟਾਉਣ ਦੇ ਯੋਗ ਹੁੰਦੇ ਹਨ।[10] ਆਸਾ ਰਾਗ ਵਿਚ ਕਿਉਂਕਿ ਮਧਮ ਸੁਰ ਵਾਦੀ ਹੈ ਇਸ ਲਈ ਇਸ ਰਾਗ ਰਾਹੀਂ ਸ਼ਿੰਗਾਰ ਰਸੀ ਭਾਵਾਂ ਦਾ ਪ੍ਰਗਟਾਓ ਕਰਨਾ ਬੇਮੇਲ ਨਹੀਂ ਹੈ।

ਸਮੁੱਚੇ ਰੂਪ ਵਿਚ ਇਸ ਰਾਗ ਦੀ ਬਾਣੀ ਵਿਚ ਮੁੱਖ ਤੌਰ ਤੇ ਉਤਸ਼ਾਹ ਅਤੇ ਖੁਸ਼ੀ ਦਾ ਪ੍ਰਗਟਾਵਾ ਵਧੇਰੇ ਹੈ। ਇਸ ਲਈ ਇਹ ਰਾਗ ਇਨ੍ਹਾਂ ਭਾਵਾਂ ਨੂੰ ਪ੍ਰਗਟਾਉਣ ਵਿਚ ਵਧੇਰੇ ਸਫਲ ਹੈ। ਇਸ ਰਾਗ ਦੀ ਬਾਣੀ ਦੇ ਭਾਵ ਅਤੇ ਰਾਗ ਬਾਰੇ ਡਾ.ਧਰਮਪਾਲ ਮੈਣੀ ਦੇ ਸ਼ਬਦ ਬੜੇ ਢੁੱਕਵੇਂ ਹਨ-"ਗੰਭੀਰ ਆਤਮ-ਚਿੰਤਨ ਜਿਸ ਵਿਵੇਕ ਨੂੰ ਜਾਗ੍ਰਿਤ ਕਰਦਾ ਹੈ, ਉਹ 'ਆਸਾ' ਲੈ ਕੇ ਅੱਗੇ ਵੱਧਦਾ ਹੈ ਅਤੇ ਇਹ ਰਾਗ ਉਸੇ ਆਸ਼ਾ ਵਾਦੀ ਦ੍ਰਿਸ਼ਟੀਕੋਣ ਦੀ ਪਛਾਣ ਵਿਚ ਹੀ ਆਪਣੇ ਨਾਮ ਦੀ ਸਾਰਥਕਤਾ ਛਿਪਾਈ ਬੈਠਾ ਹੈ।"[11]

ਆਸਾ ਰਾਗ ਸੰਬਧੀ ਕੀਤੇ ਅਧਿਐਨ ਤੋਂ ਇਹ ਸਪਸ਼ਟ ਹੈ ਕਿ ਗੁਰਬਾਣੀ ਦੀ ਰਚਨਾ ਵਿੱਚ ਰਾਗ ਨੂੰ ਸੁਚੇਤ ਤੌਰ ਤੇ ਸ਼ਾਮਲ ਕੀਤਾ ਗਿਆ ਹੈ। ਇਸ ਦੇ ਮਰਮ ਨੂੰ ਸਮਝਣ ਲਈ ਜਿਥੇ ਕਾਵਿ ਕਲਾ ਤੋਂ ਜਾਣੂ ਹੋਣ ਦੀ ਲੋੜ ਹੈ ਉਥੇ ਸੰਗੀਤ ਕਲਾ ਦਾ ਗਿਆਨ ਹੋਣਾ ਵੀ ਲਾਜ਼ਮੀ ਹੈ। ਜਿਵੇਂ ਕਿਸੇ ਨਾਟਕ ਦੀ ਸਕਰਿਪਟ ਨੂੰ ਸਟੇਜ ਉੱਤੇ ਪੇਸ਼ ਕਰਕੇ ਹੀ ਉਸ ਦੇ ਪੂਰੇ ਪ੍ਰਭਾਵ ਨੂੰ ਗ੍ਰਹਿਣ ਕੀਤਾ ਜਾ ਸਕਦਾ ਹੈ ਉਸੇ ਤਰ੍ਹਾਂ ਹੀ ਗੁਰਬਾਣੀ ਨੂੰ ਨਿਰਧਾਰਿਤ ਰਾਗਾਂ ਅਤੇ ਨਿਰਧਾਰਿਤ ਸ਼ੈਲੀ ਵਿੱਚ ਹੀ ਗਾਇਨ ਕਰਨਾ ਉਚਿਤ ਹੈ।

ਹਵਾਲੇ

1.. ਜਨਮ ਸਾਖੀ ਪਰੰਪਰਾ, ਵਲਾਇਤ ਵਾਲੀ ਜਨਮ ਸਾਖੀ, ਪੰਨਾ 31-32

2.. ਜਨਮ ਸਾਖੀ ਪਰੰਪਰਾ, ਭਾਈ ਮਨੀ ਸਿੰਘ ਵਾਲੀ ਜਨਮ ਸਾਖੀ, ਪੰਨਾ 333

3. ਪੰਡਤ ਚਿੰਤਾਮਣੀ, ਸਾਹਿਤ-ਸੰਗੀਤ ਦਾ ਸੰਗਮ, ਗੁਰੂ ਨਾਨਕ " ਗੁਰੂ ਨਾਨਕ ਜੋਤ ਤੇ ਸਰੂਪ, ਪੰਨਾ 161

4.. ਮਹਾਨ ਕੋਸ਼, ਪੰਨਾ 463

5. ਮਹਾਨ ਕੋਸ਼, 92

6. ਗੁਰਮਤ ਸੰਗੀਤ ਪਰ ਹੁਣ ਤਕ ਮਿਲੀ ਖੋਜ,ਪੰਨਾ 9

7. ਮਿਹਰਬਾਨ ਵਾਲੀ ਜਨਮ ਸਾਖੀ, ਪੰਨਾ 22

8. ਪ੍ਰੇਮ ਸਿੰਘ, *ਗੁਰਮਤਿ ਸੰਗੀਤ ਰਤਨ ਭੰਡਾਰ*, ਪੰਨਾ 34

9.. ਬ੍ਰਿਹਸਪਤੀ ਅਚਾਰੀਆ ਭਰਤ ਕਾ ਸੰਗੀਤ ਸਿਧਾਂਤ, ਪੰਨਾ 270

10. ਬ੍ਰਿਹਸਪਤੀ ਅਚਾਰੀਆ, *ਭਰਤ ਕਾ ਸੰਗੀਤ ਸਿਧਾਂਤ*, ਪੰਨਾ 271

11.ਡਾ.ਧਰਮਪਾਲ ਮੈਣੀ, *ਸ੍ਰੀ ਗੁਰੂ ਗ੍ਰੰਥ ਸਾਹਿਬ ਏਕ ਪ੍ਰੀਚੈ*, ਪੰਨਾ 61

# ਰਾਗ ਵਿਵਰਨ–ਰਾਗ ਬੈਰਾੜੀ

ਪ੍ਰੋ: ਕਰਤਾਰ ਸਿੰਘ

ਰਾਗ ਬੈਰਾੜੀ ਦਾ ਵਰਨਣ ਕੁਝ ਸੰਗੀਤ ਗ੍ਰੰਥਾਂ ਵਿਚ ਇਸ ਪ੍ਰਕਾਰ ਮਿਲਦਾ ਹੈ। ਪੰਡਿਤ ਭਾਤਖੰਡੇ ਦੇ ਰਚਿਤ ਗ੍ਰੰਥ 'ਅਭਿਨਵ ਰਾਗ ਮੰਜਰੀ' ਦੇ ਸਲੋਕ ਨੰ: 122 ਅਨੁਸਾਰ ਪ ਧ ਗ, ਪ ਧ, ਮ ਗ, ਰੁ ਗ, ਮ ਗ, ਰੁ ਸ। ਇਸ ਉਠਾਵ ਵਾਲਾ ਗੰਧਾਰ ਵਾਦੀ ਸਵਰ ਵਾਲਾ ਵਰਾਟੀ/ਬਰਾਟੀ ਰਾਗ ਬਹੁਤ ਸੁੰਦਰ ਲੱਗਦਾ ਹੈ। ਏਸੇ ਗ੍ਰੰਥ ਦੇ ਸਲੋਕ ਨੰ: 123 ਅਨੁਸਾਰ ਬਰਾਟੀ ਰਾਗ ਦਾ ਇਕ ਹੋਰ ਪ੍ਰਕਾਰ ਪੂਰਬੀ ਥਾਟ ਤੋਂ ਪੈਦਾ ਹੋਇਆ ਮੰਨਿਆ ਗ਼ਿਆ ਹੈ। ਜਿਸ ਦਾ ਉਠਾਵ ਇਸ ਪ੍ਰਕਾਰ ਹੈ ਨ ਰ ਗ ਮ ਮ ਧ ਮ ਮ ਗ ਮ ਧ ਰ ਸ ਰ ਨ ਧ। ਪੰਡਿਤ ਅੱਪਾ ਤੁਲਸੀ ਦੁਆਰਾ ਰਚਿਤ 'ਰਾਗ ਚੰਦ੍ਰਿਕਾ ਸਾਰ' ਦੇ ਸਲੋਕ ਨੰ: 53 ਅਨੁਸਾਰ ਜਦੋਂ ਮਾਰਵਾ ਥਾਟ ਵਿਚ ਪੰਚਮ ਸੁਰ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਦੇ ਹੀ ਰਚਿਤ ਗ੍ਰੰਥ 'ਰਾਗ ਕਲਪਦ੍ਰੁਮਾਂਕੁਰੇ, ਦੇ ਸਲੋਕ ਨੰ: 52 ਅਨੁਸਾਰ ਮਾਰਵਾ ਥਾਟ ਤੋਂ ਪੈਦਾ ਹੋਇਆ ਵਰਾਟੀ ਰਾਗ ਉਸਨੂੰ ਕਿਹਾ ਜਾਂਦਾ ਹੈ ਜਿਸ ਵਿਚ ਗ ਵਾਦੀ ਧ ਸੰਵਾਦੀ ਹੋਵੇ। ਇਹ ਸ਼ਾਮ ਦੇ ਸਮੇਂ ਗਾਇਆ ਜਾਂਦਾ ਹੈ। ਮੱਧਕਾਲ ਦੇ ਗ੍ਰੰਥਕਾਰਾਂ ਵਿਚੋਂ ਪੁੰਡਰੀਕ ਵਿਠੁਲ ਨੇ ਆਪਣੇ ਗ੍ਰੰਥ 'ਚੰਦ੍ਰੋਦਯ' ਵਿਚ ਸ਼ੁਧ ਵਰਾਟੀ ਮੇਲ ਤੋਂ ਸ਼ੁੱਧ ਵਰਾਟੀ ਤੇ ਸਾਮ ਵਰਾਟੀ ਜਨਯ ਰਾਗ ਮੰਨੇ ਹਨ। ਇਨ੍ਹਾਂ ਨੇ ਹੀ ਆਪਣੇ ਗ੍ਰੰਥ 'ਰਾਗ ਮੰਜਰੀ' ਵਿਚ ਵਰਾਟੀ ਮੇਲ ਤੋਂ ਸ਼ੁਧ ਵਰਾਟੀ ਤੇ ਸ਼ਿਆਮ ਵਰਾਟੀ ਜਨਯ ਰਾਗ ਮੰਨੇ ਹਨ। ਪੰਡਿਤ ਭਾਵਭਟ ਨੇ 'ਅਨੂਪ ਬਿਲਾਸ' ਵਿਚ ਵਰਾਗੀ ਰਾਗ ਦਾ ਵਰਨਣ ਦਿੱਤਾ ਹੈ। ਪੰਡਿਤ ਸੋਮਨਾਥ ਨੇ ਆਪਣੇ ਗ੍ਰੰਥ 'ਰਾਗਵਿਬੋਧ' ਵਿਚ ਸ਼ੁਧ ਵਰਾਟੀ ਮੇਲ ਤੋਂ ਸ਼ੁੱਧ ਵਰਾਟੀ ਜਨਯ ਰਾਗ ਮੰਨਿਆ ਹੈ।

ਭਾਰਤੀ ਸੰਗੀਤ ਵਿਚ ਰਾਗ ਬੈਰਾੜੀ ਅਪ੍ਰਚਲਿਤ ਤੇ ਕਠਿਨ ਰਾਗਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ। ਬੈਰਾੜੀ ਨੂੰ ਵਰਾਟੀ ਦਾ ਨਾਮ ਵੀ ਦਿੱਤਾ ਗਿਆ ਹੈ। ਇਹ ਰਾਗ ਦੋ ਅੰਗਾਂ ਨਾਲ ਗਾਇਆ ਜਾਂਦਾ ਹੈ। ਇਕ ਸਰੂਪ ਪੂਰੀਆ, ਪੂਰਵੀ ਤੇ ਧਨਾਸਰੀ ਤੇ ਮਿਸ਼ਰਨ ਤੋਂ ਮੰਨਿਆ ਗਿਆ ਹੈ। ਇਸ ਵਿਚ ਰਿਸ਼ਭ ਕੋਮਲ, ਦੋਵੇਂ ਧੈਵਤ ਦੋਵੇਂ ਮਧਿਅਮ ਤੇ ਹੋਰ ਸਵਰ ਸ਼ੁਧ ਹਨ। ਜਾਤੀ ਵਕਰ ਸੰਪੂਰਨ ਹੈ। ਪਰ ਇਹ ਸਰੂਪ ਜ਼ਿਆਦਾ ਪ੍ਰਚਾਰ ਵਿਚ ਨਹੀਂ ਹੈ। ਦੂਜਾ ਸਰੂਪ ਮਾਰਵਾ ਥਾਟ ਤੋਂ ਮੰਨਿਆ ਗਿਆ ਹੈ। ਸ਼ਾਰੰਗਦੇਵ ਨੇ ਆਪਣੇ ਗ੍ਰੰਥ 'ਸੰਗੀਤ ਰਤਨਾਕਰ' ਵਿਚ ਰਾਗ ਦਾ ਨਾਮ ਵੈਰਾਟੀ ਲਿਖਿਆ ਹੈ ਤੇ ਇਸ ਦੇ ਅਨੇਕ ਪ੍ਰਕਾਰ ਮੰਨੇ ਜਾਂਦੇ ਹਨ ਜਿਵੇਂ ਕੁੰਤਲ ਵੈਰਾਟੀ, ਦਰਾਵੜੀ ਵੈਰਾਟੀ, ਅਪਸਥਾਨ ਵੈਰਾਟੀ ਆਦਿ। ਇਸ ਤੋਂ ਪਿਛੋਂ ਇਸ ਰ਼ਾਗ ਦੇ ਚਾਰ ਹੋਰ ਪ੍ਰਕਾਰ ਹੋਂਦ ਵਿਚ ਆਏ ਮੰਨੇ ਜਾਂਦੇ ਹਨ। ਪੰਡਿਤ ਭਾਤਖੰਡੇ 'ਕ੍ਰਮਿਕ ਪੁਸਤਕ ਮਾਲਿਕਾ' ਭਾਗ-6 ਦੇ ਪੰਨਾ 74 ਤੇ ਲਿਖਦੇ ਹਨ ਕਿ ਇਹ ਰਾਗ ਤੋੜੀ, ਤ੍ਰਿਵੇਣੀ ਤੇ ਦੇਸ਼ਕਾਰ ਦੇ ਸੰਯੋਗ ਤੋਂ ਬਣਦਾ ਹੈ, ਇਸ ਵਿਚ ਸ ਪ ਤੇ ਗ ਪ ਸਵਰ ਸੰਗਤੀਆਂ ਦਾ ਮਹੱਤਵ ਹੈ ਐਸਾ ਜਾਣਕਾਰਾਂ ਦਾ ਮੱਤ ਹੈ। ਕਈ ਇਸ ਵਿਚ ਕੋਮਲ ਧੈਵਤ ਲੈ ਕੇ ਇਸ ਨੂੰ ਪੂਰਵੀ ਥਾਟ ਦਾ ਮੰਨਦੇ ਹਨ। ਇਹ ਰਾਗ ਮਾਰਵਾ ਥਾਟ ਦੀ ਉਪਜ ਹੈ ਪਰ ਪੰਚਮ ਦਾ ਪ੍ਰਯੋਗ ਇਸ ਨੂੰ ਮਾਰਵਾ ਤੋਂ ਵੱਖਰਾ ਕਰਦਾ ਹੈ। ਇਸ ਰਾਗ ਦਾ ਵਾਦੀ ਗੰਧਾਰ ਤੇ ਸੰਵਾਦੀ ਧੈਵਤ ਹੈ। ਪ ਧ ਗ ਸਵਰ ਦਾ ਵਾਰ ਵਾਰ ਪ੍ਰਯੋਗ ਬੜਾ ਹੀ ਮਹੱਤਵਪੂਰਨ ਹੈ। ਅਵਰੋਹ ਵਿਚ ਧੈਵਤ ਦਾ ਪ੍ਰਯੋਗ ਦੁਰਬਲ ਹੈ ਅਤੇ ਕਈ ਵਾਰ ਧੈਵਤ ਦਾ ਲੰਘਨ ਅਲੱਪਤਵ ਦੁਆਰਾ ਪ੍ਰਯੋਗ ਨਹੀਂ ਹੁੰਦਾ ਹੈ। ਨ-ਪ ਜਾਂ ਰੁੰ ਨ - ਪ, ਪ ਧ ਗ ਸਵਰ ਲਏ ਜਾਂਦੇ ਹਨ ਪਰ ਅੰਤਰੇ ਵਿਚ ਜ਼ਿਆਦਾ ਕਰਕੇ ਮ ਧ ਸਂ ਹੀ ਲਿਆ ਜਾਂਦਾ ਹੈ। ਗੰਧਾਰ ਵਾਦੀ ਸਵਰ ਹੋਣ ਕਾਰਨ ਇਸ ਤੇ ਵਾਰ ਵਾਰ ਨਿਆਸ ਕੀਤਾ ਜਾਂਦਾ ਹੈ। ਸ੍ਰੀ ਵਿਮਲਕਾਂਤ ਰਾਏ ਚੌਧਰੀ ਨੇ ਵੀ ਆਪਣੇ ਗੰਥ 'ਰਾਗ ਵਿਯਾਕਰਨ' ਵਿਚ ਰਾਗ ਵਰਾਟੀ ਦਾ ਇਕ ਸਰੂਪ ਲਗਭਗ ਪੰਡਿਤ ਭਾਤਖੰਡੇ ਜੀ ਵਾਲਾ ਹੀ ਦਿੱਤਾ ਹੈ। ਆਰੋਹ - ਸ ਰੁ ਗ ਪ ਮ ਧ ਸਂ ਅਵਰੋਹ- ਸਂ ਨ ਪ ਧ ਮ ਗ ਪ ਗ ਰੁ ਸ। ਵਾਦੀ ਗ ਸੰਵਾਦੀ ਧ ਜਾਤੀ ਵਕਰ ਸ਼ਾੜਵ ਵਕਰ ਸੰਪੂਰਨ ਸਮਾਂ 5.30 ਤੋਂ 7 ਵਜੇ ਸ਼ਾਮ ਹੈ। ਇਸ ਵਿਚ ਮ ਤੇ ਪ ਦਾ ਇਕੱਠਾ ਪ੍ਰਯੋਗ ਨਹੀਂ ਕੀਤਾ ਜਾਂਦਾ। ਇਸ ਦਾ ਆਰੋਹ ਚਲਨ ਜ਼ਿਆਦਾ ਕਰਕੇ ਮੰਦਰ ਨ ਤੋਂ ਅਰੰਭ ਕੀਤਾ ਜਾਂਦਾ ਹੈ। ਜਿਵੇਂ ਨ਼ ਰੁ ਗ ਪ ਮੰ ਧ ਸਂ ਜਾਂ ਨ਼ ਰੁ ਗ ਮੰ ਧ ਧ ਪ ਸਂ ਜਾਂ ਨ਼ ਰੁ ਗ ਪ ਮ ਸਂ ਅਵਰੋਹ ਵਿਚ - ਰੁ ਨ ਪ ਧ ਮੰ ਗ, ਗ ਪ ਗ ਰੁ ਸ

ਹੈ। ਦੂਜੇ ਸਰੂਪ ਵਿਚ ਆਰੋਹ-ਸ ਰੁ ਗ ਮੰ ਗ, ਪ ਮੰ ਧ ਸਂ ਅਵਰੋਹ-ਸਂ ਨ ਧੁ ਪ, ਮੰ ਗ ਮੰ ਗ ਰੁ ਮੰ ਗ ਰੁ ਸ ਹੈ। ਰਿਸ਼ਭ ਕੋਮਲ ਦੋਵੇਂ ਮਧਿਅਮ, ਦੋਵੇਂ ਧੈਵਤ ਅਤੇ ਹੋਰ ਸਵਰ ਸ਼ੁਧ ਹਨ। ਗ ਵਾਦੀ ਧ ਸੰਵਾਦੀ ਜਾਤੀ ਵਕਰ ਸ਼ਾੜਵ ਵਕਰ ਸੰਪੂਰਨ ਤੇ ਸਮਾਂ 5.30 ਤੋਂ 7 ਵਜੇ ਸ਼ਾਮ ਹੈ। ਸ੍ਰੀ ਕ੍ਰਿਸ਼ਨ ਨਾਰਾਇਣ ਰਤੰਜਨਕਰ ਦੇ 'ਅਭਿਨਵ ਗੀਤਮੰਜਰੀ' ਭਾਗ-2 ਵਿਚ ਦਿੱਤੀਆਂ ਬੰਦਸ਼ਾਂ ਵਿਚ ਪ ਧ, ਗ ਪ, ਨ ਰੁ ਨ - ਪ ਤੇ ਅੰਤਰੇ ਵਿਚ ਮੰ ਧ ਸਂ, ਨ ਰੁਂ ਗਂ ਰੁਂ ਸਂ ਨ ਰੁਂ ਨ ਧ ਪ, ਧ ਗ, ਗ ਪ ਗ ਰੁ ਸ ਐਸੀਆਂ ਸਵਰ ਸੰਗਤੀਆਂ ਦੇ ਪ੍ਰਯੋਗ ਨਾਲ ਰਾਗ ਦਾ ਸਹੀ ਸਰੂਪ ਨਜ਼ਰ ਆਉਂਦਾ ਹੈ। ਹਾਥ ਰਸ ਤੋਂ ਪ੍ਰਕਾਸ਼ਿਤ ਸ੍ਰੀ ਜੇ.ਡੀ. ਪੱਤਕੀ ਦੇ 'ਅਪ੍ਰਕਾਸ਼ਿਤ ਰਾਗ' ਭਾਗ-2 ਵਿਚ ਰਾਗ ਦਾ ਨਾਮ ਵਰਾਟੀ ਨਿਸ਼ਾਦ ਵਰਜਿੰਤ ਰਿਸ਼ਭ ਕੋਮਲ ਤੇ ਦੋਵੇਂ ਮਧਿਅਮ ਲਗਦੇ ਹਨ।

ਗੁਰਮਤਿ ਸੰਗੀਤ ਦੇ ਖੋਜੀਆਂ ਵਿਚੋਂ ਸ੍ਰੀਮਾਨ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਦੇ 'ਗੁਰਮਤ ਸੰਗੀਤ ਪਰ ਹੁਣ ਤੀਕ ਮਿਲੀ ਖੋਜ' ਪੰਨਾ 26 ਅਨੁਸਾਰ ਬੈਰਾੜੀ ਨੂੰ ਸਿਰੀ ਰਾਗ ਦੀ ਰਾਗਣੀ ਮੰਨਿਆ ਹੈ 'ਬੈਰਾਗੀ ਕਰਨਾਟੀ ਧਰੀ'। ਸਾਰੰਗ ਤੇ ਸਿਰੀ ਰਾਗ ਮਿਲ ਕੇ ਬੈਰਾਗੀ ਹੁੰਦੀ ਹੈ। ਹੋਰਨਾਂ ਮੱਤਾਂ ਵਿਚ ਜਿਹਾ ਹੈ ਕਿ ਸਿਧ ਸਾਰਸੁਤ ਦੇ ਮੱਤ ਵਿਚ ਇਹ ਮਾਲਕੌਂਸ ਦੀ ਰਾਗਣੀ ਹੈ। ਸ਼ਿਵਮੱਤ ਵਿਚ ਬਸੰਤ ਦੀ ਰਾਗਣੀ ਤੇ ਕਾਲੀਨਾਥ ਮੱਤ ਵਿਚ ਪੰਚਮ ਦੀ ਰਾਗਣੀ ਮੰਨਿਆ ਹੈ। ਭਰਤ ਤੇ ਹਨੂਮਾਨ ਮੱਤ ਵਿਚ ਭੈਰਵ ਦੀ ਰਾਗਣੀ ਹੈ ਮੇਲ ਹੀ ਹੋਰ ਹਨ। ਸ੍ਰੀਮਾਨ ਭਾਈ ਸਾਹਿਬ ਡਾਕਟਰ ਚਰਨ ਸਿੰਘ ਦੀ 'ਗੁਰਮਤ ਸੰਗੀਤ ਪਰ ਹੁਣ ਤੀਕ ਮਿਲੀ ਖੋਜ' ਪੰਨਾ 26-27 ਅਨੁਸਾਰ 'ਸੁਰ ਤਾਲ ਸਮੂਹ' ਵਿਚ ਲਿਖਿਆ ਹੈ ਕਿ ਭੈਰਵ ਰਾਗ ਦੀ ਇਸਤਰੀ ਬੈਰਾੜੀ ਹੈ, ਇਸ ਨੂੰ ਬੈਰਾਟੀ ਵੀ ਕਹਿੰਦੇ ਹਨ। ਸੁਰ ਗੁਰੂ ਖਰਜ, ਸੰਮਬਾਦੀ ਵੀ ਖਰਜ ਹੈ ਅਤੇ ਖਰਜ ਤੋਂ ਹੀ ਉਚਾਰ ਹੁੰਦਾ ਹੈ ਦੇਸੀ ਸੰਕੀਰਨ ਹੈ। ਦੇਸੀ ਤਿਰਵਨ, ਟੋਡੀ ਮਿਲਕੇ ਬੈਰਾੜੀ ਬਣਦੀ ਹੈ। ਪ੍ਰੰਤੂ 'ਨਾਦ ਬਿਨੋਦ' ਵਿਚ ਲਿਖਿਆ ਹੈ ਕਿ ਇਸ ਦਾ ਅੰਸ਼ ਨਿਯਾਸ ਗ੍ਰਿਹੁ ਮੱਧਮ ਹੈ, ਰਿਸ਼ਭ ਨਾਲ ਪ੍ਰੀਤ ਰੱਖਦੀ ਹੈ ਖਾੜਵ ਹੈ। ਪੰਚਮ ਸਵਰ ਵਰਜਿਤ ਹੈ। ਪਿਛਲੇ ਪਹਿਰ ਗਾਵੀਂਦੀ ਹੈ। 'ਰਾਧਾ ਗੋਬਿੰਦ ਸੰਗੀਤ ਸਾਰ' ਵਿਚ ਭੈਰੋਂ ਦੀ ਰਾਗਨੀ ਲਿਖੀ ਹੈ। 'ਬੁਧ ਪਰਕਾਸ਼ ਦਰਪਣ' ਵਿਚ ਦੀਪਕ ਰਾਗ ਦੀ ਨੂੰਹ ਕਰਕੇ ਲਿਖੀ ਹੈ। 'ਸੰਗੀਤ ਬਿਨੋਦ' ਅਤੇ 'ਰਾਗ ਮਾਲਾ' ਵਿਚ ਸ੍ਰੀ ਰਾਗ ਦੀ ਇਸਤ੍ਰੀ ਬੈਰਾਟੀ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਅਨੁਸਾਰ ਬੈਰਾੜੀ ਮਾਰੂ ਠਾਟ ਦੀ ਸੰਪੂਰਨ ਰਾਗਣੀ ਹੈ। ਸ਼ੜਜ ਗੰਧਾਰ ਪੰਚਮ ਧੈਵਤ ਅਤੇ ਨਿਸ਼ਾਦ ਸ਼ੁਧ, ਰਿਸ਼ਭ ਕੋਮਲ ਅਤੇ ਮਧਿਅਮ ਤੀਵਰ ਹੈ, ਪਰ ਦੁਰਬਲ ਹੋ ਕੇ ਲੱਗਦਾ ਹੈ। ਵਾਦੀ ਗੰਧਾਰ, ਸੰਵਾਦੀ ਧੈਵਤ ਹੈ। ਗੰਧਾਰ ਤੇ ਪੰਚਮ ਦੀ ਸੰਗਤੀ ਰਹਿੰਦੀ ਹੈ। ਗਾਉਣ ਦਾ ਵੇਲਾ ਦਿਨ ਦਾ ਦੂਜਾ ਪਹਿਰ ਹੈ। ਡਾ. ਜੀ ਐਸ. ਮਾਨਸੁਖਾਨੀ ਨੇ ਆਪਣੀ ਪੁਸਤਕ 'ਇੰਡੀਅਨ ਕਲਾਸੀਕਲ ਮਿਯੂਜਕ ਐਂਡ ਸਿੱਖ ਕੀਰਤਨ' ਵਿਚ ਰਾਗੁ ਬੈਰਾੜੀ ਮਾਰਵਾ ਥਾਟ ਦੇ ਅੱਜ ਦੇ ਪ੍ਰਚਲਿਤ ਸਰੂਪ ਸਾ ਹੀ ਮੰਨਿਆ ਹੈ। ਸਮਾਂ ਸਵੇਰ ਦਾ ਪਹਿਲਾ ਪਹਿਰ ਦਿੱਤਾ ਹੈ। ਆਰੋਹ - ਸ ਰੁ ਗ, ਮੰ ਪ ਮੰ ਗ, ਪ ਧ ਨ ਸਂ ਅਵਰੋਹ-ਸਂ ਨ ਧ ਪ ਗ ਪ ਮੰ ਗ ਰੁ ਸ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਿਤ 'ਦਾ ਐਨਸਾਈਕਲੋਪੀਡੀਆ ਆਫ਼ ਸਿੱਖਇਜ਼ਮ' ਵੋ:2, ਪੰਨਾ 173 ਅਨੁਸਾਰ ਰਾਗ ਮਾਲਾ ਵਿਚ ਰਾਗ ਬੈਰਾੜੀ ਸਿਰੀ ਰਾਗ ਦੀ ਪਹਿਲੀ ਰਾਗਨੀ ਹੈ। ਬੈਰਾੜੀ ਰਾਗ ਦੇ ਵੈਰਾਟੀ ਤੇ ਵੈਰਾਗੀ ਨਾਮ ਵੀ ਮਿਲਦੇ ਹਨ। ਇਸ ਦਾ ਸਮਾਂ ਸ਼ਾਮ ਦਾ ਹੈ ਤੇ ਅੱਜ ਇਸ ਨੂੰ ਮਾਰਵਾ ਥਾਟ ਦਾ ਰਾਗ ਮੰਨਿਆ ਜਾਂਦਾ ਹੈ। ਇਹ ਰਾਗ ਪੂਰਵਾ ਕਲਿਆਣ ਨਾਲ ਮਿਲਦਾ ਹੈ ਪਰ ਬੈਰਾੜੀ ਵਿਚ ਪੰਚਮ ਦਾ ਪ੍ਰਯੋਗ ਪ੍ਰਬਲ ਹੈ ਤੇ ਪੂਰਬਾ ਕਲਿਆਣ ਵਿਚ ਕਮਜ਼ੋਰ ਹੈ। ਇਸ ਦਾ ਵਾਦੀ ਗੰਧਾਰ ਤੇ ਸੰਵਾਦੀ ਧੈਵਤ ਹੈ। ਆਰੋਹ - ਨ਼ ਰੁ ਗ ਪ, ਮੰ ਗ, ਮ ਧ ਸਂ ਅਵਰੋਹ-ਸਂ ਨ਼ ਧ ਪ, ਮੰ ਗ, ਪ ਗ, ਰੁ ਸ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿਚੋਂ ਸ. ਗਿਆਨ ਸਿੰਘ ਐਬਟਾਬਾਦ ਕਰਤਾ 'ਗੁਰਬਾਣੀ ਸੰਗੀਤ',ਪ੍ਰੋ: ਤਾਰਾ ਸਿੰਘ ਕਰਤਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ', ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਕਰਤਾ 'ਪ੍ਰਾਚੀਨ ਗੀਤ ਰਤਨਾਵਲੀ', ਸੰਤ ਸਰਵਣ ਸਿੰਘ ਗੰਧਰਵ ਕਰਤਾ 'ਸੁਰ ਸਿਮਰਣ ਸੰਗੀਤ' ਪ੍ਰਿੰਸੀਪਲ ਦਿਆਲ ਸਿੰਘ ਕਰਤਾ 'ਗੁਰਮਤ ਸੰਗੀਤ ਸਾਗਰ' ਭਾਗ-4 ਡਾ. ਗੁਰਨਾਮ ਸਿੰਘ ਕਰਤਾ 'ਆਦਿ ਗ੍ਰੰਥ ਰਾਗ ਕੋਸ਼' ਤੇ ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ ਜਵੱਦੀ ਟਕਸਾਲ ਤੇ ਹੋਰ ਵਿਦਵਾਨਾਂ ਨੇ ਵੀ ਮਾਰਵਾ ਥਾਟ ਵਾਲਾ ਹੀ ਸਰੂਪ ਮੰਨਿਆ ਹੈ। ਸੋ ਪ੍ਰਮਾਣਿਕ ਤੱਥਾਂ ਦੇ ਅਧਾਰ ਤੇ ਨਿਸ਼ਚਿਤ ਰੂਪ ਵਿਚ ਰਾਗ ਬੈਰਾੜੀ ਦੇ ਇਸ ਪ੍ਰੰਪਰਾਗਤ

ਸਰੂਪ ਨੂੰ ਪ੍ਰਵਾਣਤ ਮੰਨ ਕੇ ਇਥੇ ਵੀ ਇਹੀ ਸਰੂਪ ਦਿੱਤਾ ਜਾ ਰਿਹਾ ਹੈ।

**ਪਰੀਚੈ:** -

ਰਾਗੁ - ਬੈਰਾੜੀ, ਥਾਟ-ਮਾਰਵਾ

ਸਵਰ -ਰਿਸ਼ਭ ਕੋਮਲ, ਮਧਿਅਮ ਤੀਵਰ, ਹੋਰ ਸਭ ਸ਼ੁਧ

ਵਰਜਿਤ ਸਵਰ -ਕੋਈ ਨਹੀਂ

ਜਾਤੀ - ਵਰਕ ਸੰਪੂਰਨ

**ਵਾਦੀ** - ਗੰਧਾਰ ਸੰਵਾਦੀ-ਧੈਵਤ

**ਸਮਾਂ** - ਦਿਨ ਦਾ ਚੌਥਾ ਪਹਿਰ

**ਆਰੋਹ** - ਨ ਰੁ ਗ ਪ, ਮ ਗ, ਮ ਧ ਸੰ

**ਅਵਰੋਹ** - ਸੰ, ਰੁੰ ਨ ਪ, ਪ ਧ ਗ, ਮ ਧ, ਮ ਗ, ਪ ਗ, ਰੁ ਸ

**ਮੁੱਖ ਅੰਗ**- (ਪਕੜ) ਪ ਧ ਗ ਮ ਧ ਮ ਗ, ਰੁ ਗ, ਮ ਗ ਰੁ ਸ।

ਪੁਸਤਕ 'ਗੁਰਮਤਿ ਸੰਗੀਤ ਦਰਪਣ' ਵਿਚੋਂ ਧੰਨਵਾਦ ਸਹਿਤ

# ਭੁਖੇ ਭਗਤ ਨ ਹੋਈ ਗੋਪਾਲਾ

ਕਰਤਾਰ ਸਿੰਘ ਨੀਲਧਾਰੀ

ਸੰਨ 2000 ਵਿਚ ਹਰਿਮੰਦਰ ਸਾਹਿਬ ਵਿਚ ਸ਼੍ਰੋਮਣੀ ਕਮੇਟੀ ਦੇ ਤਤਕਾਲੀਨ ਨਵੇਂ ਪ੍ਰਧਾਨ ਦੇ ਕ੍ਰਿਪਾਪਾਤਰ ਰਾਗੀ ਜਥੇ ਹਜ਼ੂਰੀ ਰਾਗੀ ਬਣਕੇ ਕੰਨਾਂ (ਰੇਡੀਓ) ਤੇ ਅੱਖਾਂ (ਟੀਵੀ) ਅੱਗੇ ਪ੍ਰਗਟ ਹੋਏ। ਹਰਿਮੰਦਰ ਸਾਹਿਬ ਦੀ ਸਰਬਉੱਚ ਪਰੰਪਰਾ ਅਤੇ ਗੁਰਮਤਿ ਚਾਲ ਵਿਚ ਇਹ ਪਰਿਵਰਤਨ ਇੰਨਾ ਕੁ ਝਕਝੋਰ ਦੇਣ ਵਾਲਾ ਸੀ ਕਿ ਸਿੰਘ ਬੰਧੂਆਂ ਵਿਚ ਸੁਰਿੰਦਰ ਸਿੰਘ ਜੀ ਨੇ ਕਲਮ ਚੁੱਕ ਕੇ ਆਪਣੀ ਆਹਤ ਮਾਨਸਿਕਤਾ ਦਾ ਪ੍ਰਗਟਾਵਾ ਕੀਤਾ ਸੀ। ਜਨਤਕ ਪੱਧਰ ਤੇ ਇਹ ਹਲਚਲ ਅਜੇ ਤਕ ਚਾਲੂ ਹੈ ਤੇ ਮੰਥਨ ਰੁਕਣਾ ਵੀ ਨਹੀਂ ਚਾਹੀਦਾ। ਪ੍ਰਬੰਧਕੀ ਢਾਂਚੇ ਵਿਚ ਕਈ ਪ੍ਰਧਾਨ ਬਦਲ ਗਏ ਪਰ ਹਰਿਮੰਦਰ ਸਾਹਿਬ ਵਿਚ ਗੁਰਮਤਿ ਸੰਗੀਤ ਦੀ ਪੂਰੀ ਪੁਨਰ ਬਹਾਲੀ ਕਰਨ ਦੇ ਫੁਰਸਤ ਕਿਸੇ ਨੂੰ ਨਹੀਂ। ਸਿਆਸਤ ਦੇ ਦਾਅ ਪੇਚ ਹਿੰਸਾਤਮਕ ਸੰਘਰਸ਼ ਬਣਦੇ ਜਾ ਰਹੇ ਹਨ। ਅਕਾਲ ਤਖਤ ਸਾਹਿਬ ਦੀ ਚੌਥੀ ਸ਼ਤਾਬਦੀ ਸਮਾਰੋਹ ਤੇ ਬਾਬਾ ਬੁੱਢਾ ਜੀ ਦੀ ਪੰਜਵੀਂ ਸ਼ਤਾਬਦੀ ਵਿਚ ਪੱਗਾਂ ਦੀ ਖਿੱਦੂ ਖੇਡ ਸਾਰੀ ਦੁਨੀਆਂ ਨੇ ਪ੍ਰਸਾਰ ਸਾਧਨਾ ਰਾਹੀਂ ਜਾਣ ਲਈ ਹੈ। ਇਹ ਬੇਸੁਰੇ ਲੋਕਾਂ ਦੀ ਵਿੱਥਿਆ ਹੈ ਇਥੇ ਸੁਰਤਾਲ ਦੇ ਸੇਵਕਾਂ ਦੇ ਗੰਭੀਰ ਨੁਕਤੇ ਕਲਮ ਚਰਚਾ ਵਿਚ ਛੂਹਣੇ ਹਨ।

ਗੁਰਸਿੱਖੀ ਦੇ ਦੋ ਹੋਰ ਤਖਤ ਵੀ ਕਹੇ ਜਾ ਸਕਦੇ ਹਨ ਲੰਗਰ ਤੇ ਕੀਰਤਨ। ਕੀਰਤਨ ਦਾ ਪਹਿਲਾ ਪੰਨਾ ਭਾਈ ਮਰਦਾਨਾ ਜੀ ਦੇ ਨਾਲ ਹੀ ਗੁਰੂ ਬਾਬੇ ਦੀ ਚਕ੍ਰਵਰਤੀ ਉਦਾਸੀਆਂ ਦਾ ਸ਼ਿੰਗਾਰ ਬਣ ਕੇ ਸੰਸਾਰ ਸਾਹਮਣੇ ਆਉਂਦਾ ਹੈ। ਭਾਈ ਮਨੀ ਸਿੰਘ ਕ੍ਰਿਤ ਸਿੱਖਾਂ ਦੀ ਭਗਤਮਾਲਾ ਅਨੁਸਾਰ ਗੁਰੂਬਾਬੇ ਦਾ ਦਾਨੇ ਡੂਮ ਨੂੰ ਭਾਈ ਮਰਦਾਨਾ ਬਣਾ ਕੇ ਸਾਥੀ ਬਣਾਉਣ ਦੀ ਰੋਚਕ ਸਾਖੀ ਹੈ। ਗੁਰੂ ਜੀ ਭਾਈ ਮਰਦਾਨੇ ਨੂੰ ਸਪਸ਼ਟ ਆਖਦੇ ਹਨ- "ਤੂ ਰਬਾਬ ਭਲਾ ਵਜਾਇਦਾ ਹੈ ਤੇ ਤੈਨੂੰ ਰਾਗਾਂ ਦੀ ਭਲੀ ਸੋਝੀ ਹੈ। ਪਰ ਜੋ ਤੋ ਸਾਡਾ ਸੰਗ ਕਰੇ ਤਾਂ ਏਹੁ ਰਾਗ ਸ਼ਬਦ ਪਾਇ ਕੈ ਗਾਵੈ ਤਾਂ ਆਸੀਂ ਤੇਰਾ ਦੀਨ ਦੁਨੀਆਂ ਵਿਚ ਉਧਾਰ ਕਰੀਏ।" ਤਾਂ ਉਸ ਆਖਿਆ "ਜੀ ਅਸੀਂ ਧਨੀ ਲੋਕਾਂ ਨੂੰ ਰਾਗ ਸੁਣਾਇਕੈ ਚਾਰ ਪੈਸੇ ਲਿਆਵਦੇ ਹਾਂ। ਆਪਣੇ ਪੁੱਤਾਂ-ਧੀਆਂ ਵਿਚ ਬੈਠਕੇ ਦੁਨੀਆਂ ਦੀ ਗੁਜਾਰਨ ਕਰਦੇ ਹਨ। ਅਸੀਂ ਜੋ ਤੇਰੇ ਨਾਲ ਲੱਗਾਂਗੇ ਤਾਂ ਦੁਨੀਆਂ ਦੇ ਜੁ ਕੁਟੰਬੀ ਹੈਨ। ਸੋ ਤਾਂ ਭੁੱਖ ਨਾਲ ਮਰ ਜਾਣਗੇ।" ਤਾਂ ਸਾਹਿਬ ਬਚਨ ਕੀਤਾ "ਭਾਈ ਦਾਨਿਆ ਤੂ ਦੀਵਾਨਾ ਹੋਇਆ ਹੈ ਸਾਰੀ ਸ੍ਰਿਸਟਿ ਦੀ ਪਾਲਣਾ ਈਸਰ ਕਰਦਾ ਹੈਂ ਕਿ ਤੂ ਕਰਨਾਂ ਹੈ? ਸਭਨਾ ਜੀਆਂ ਦੀ ਪਾਲਣਾ ਆਪ ਵਾਹੁਗੁਰੂ ਕਰਦਾ ਹੈ।" ਬਚਨ ਹੋਇਆ, "ਤੇਰਾ ਨਾਉ ਅਸਾਂ ਮਰਦਾਨਾ ਰਖਿਆ ਹੈ। ਵਾਹਗੁਰੂ ਦਾ ਭਜਨ ਕਰ ਤੇਰੇ ਕੁਟੰਬੀਆਂ ਦੀ ਤੇ ਤੇਰੀ ਅਸੀਂ ਖਬਰ ਲੇਵਾਂਗੇ।" ਇਹ ਇਤਿਹਾਸਕ ਸੱਚਾਈ ਹੈ ਕਿ ਭਾਈ ਮਰਦਾਨਾ ਦੇ ਆਸ਼੍ਰਿਤ ਪਰਿਵਾਰ ਦੇ ਗੁਜਰਾਨ ਲਈ ਗੁਰੂ ਜੀ ਨੇ ਪਿਤਾ ਕਾਲੂ ਪਟਵਾਰੀ ਜਾਂ ਬੇਬੇ ਨਾਨਕੀ ਮਾਰਫ਼ਤ ਪੱਕਾ ਆਰਥਿਕ ਬੰਧਾਨ ਬੰਨ ਦਿੱਤਾ ਸੀ। ਇਸੇ ਕਰਕੇ ਬਾਰਾਂ ਸਾਲਾਂ ਦੇ ਕਰੀਬ ਪਹਿਲੀ ਉਦਾਸੀ ਵਿਚ ਮਰਦਾਨੇ ਵਲੋਂ ਘਰ ਦੀ ਆਰਥਿਕਤਾ ਦੀ ਚਿੰਤਾ ਕਦੀ ਉਜਾਗਰ ਨਹੀਂ ਹੋਈ। ਮਨੁੱਖੀ ਜੀਵਨ ਅਤੇ ਗੁਰਮਤਿ ਵਿਚ ਵੀ ਪਰਵਾਨ ਪਹਿਲਾ ਨਾਮ ਧਰਮ ਜਾਂ ਅਨੁਸ਼ਾਸਨ (ਮਰਿਯਾਦਾ, ਰਹਿਤ, ਕਾਨੂੰਨ ਆਦਿਕ) ਦਾ ਹੈ ਜਿਸਦੇ ਅਰਥ ਅਤੇ ਕਾਮ ਦੇ ਵਿਸ਼ੇ ਨਾਲ ਜੁੜੇ ਸਾਰੇ ਨੁਕਤਿਆਂ ਤੇ ਲਾਗੂ ਹੋਣ ਨਾਲ ਹੀ ਸਮਾਜਕ ਸੁਰਤਾਲ ਕਾਇਮ ਰਹਿੰਦਾ ਹੈ। ਮਨੁੱਖੀ ਸਭਿਅਤਾ ਦਾ ਸਾਰਾ ਇਤਿਹਾਸ ਅਰਥ ਅਤੇ ਕਾਮ ਦੇ ਵਿਸ਼ੇ ਨਾਲ ਜੁੜੇ ਸੁਰ ਅਸੁਰ ਜੁੱਧ ਦਾ ਇਤਿਹਾਸ ਹੈ। ਕੀਰਤਨ ਦਾ ਵਿਸ਼ਾ ਮੋਕਸ਼ ਨਾਲ ਜੁੜਿਆ ਹੋਇਆ ਹੈ ਤੇ ਧਰਮ ਵਿਕਾਸ ਦੇ ਇਤਿਹਾਸ ਵਿਚ ਅੰਤਰ ਆਤਮੇ ਜੋਤਿ ਪ੍ਰਕਾਸ਼ ਲਈ ਸਭ ਤੋਂ ਸਰਲ, ਸੂਖਮ ਤੇ ਸ਼ਾਂਤਰਾਹ ਸੰਕੀਰਤਨ ਦਾ ਮੰਨਿਆ ਗਿਆ ਹੈ। ਗੁਰੂ ਬਾਬੇ ਨੇ ਚਾਰ ਜੁੱਗਾਂ ਦੀ ਮਨੁੱਖਤਾ ਦੀ ਹੋਣੀ ਦਾ ਵਿਚਾਰ ਕਰਕੇ ਕੀਰਤਨ ਨੂੰ ਪ੍ਰਮੁੱਖ ਸਾਧਨਾਂ ਮਾਰਗ ਬਣਾ ਕੇ ਸੰਸਾਰ ਵਿਚ ਪ੍ਰਗਟ ਕਰ ਦਿੱਤਾ। ਵੀਹਵੀਂ ਸਦੀ ਦੇ ਦਾਰਸ਼ਨਿਕ ਸੰਤ ਰਜਨੀਸ਼ ਓਸ਼ੋ ਦਾ ਕਥਨ ਹੈ "ਗੁਰੂ ਨਾਨਕ ਨੇ ਗਾ ਗਾ ਕੇ ਕੀਰਤਨ ਰਾਹੀਂ ਬੈਕੁੰਠ ਨੂੰ ਧਰਤੀ ਤੇ ਉਤਾਰਨ ਦਾ ਸਫ਼ਲ ਸਿੱਧ ਪ੍ਰਯੋਗ ਕਰਕੇ ਮਨੁੱਖੀ ਆਤਮਾ ਨੂੰ ਪ੍ਰਮਾਤਮਾ ਨਾਲ ਮਿਲਣ ਦਾ ਸਦੀਵੀਂ ਸੌਖਾ

ਰਾਹ ਦੱਸ ਦਿੱਤਾ। ਗੁਰੂ ਘਰ ਵਿਚ ਕੀਰਤਨ ਦੇ ਨਾਲ ਤਿਆਰ ਹੋ ਰਹੇ ਲੰਗਰ ਨਾਲ ਸ੍ਰੋਤਾਂ ਨੂੰ ਘਰ ਜਾ ਕੇ ਆਗਰ ਪੂਰਤੀ ਦੀ ਚਿੰਤਾ ਨਹੀਂ ਸਤਾਉਂਦੀ। ਪਰਸ਼ਾਦ ਦੇ ਗੱਫੇ ਨਾਲ ਹੀ ਸਰੀਰ ਨੂੰ ਕਾਫੀ ਅਧਾਰ ਮਿਲ ਜਾਂਦਾ ਹੈ। ਇਸ ਤਰਾਂ ਧਰਮ ਦੇ ਨਾਲ ਅਰਥ ਤੇ ਸਰੀਰ ਪ੍ਰਬੰਧ ਨੂੰ ਪ੍ਰਮੁੱਖਤਾ ਦੇ ਕੇ ਮੋਕਸ਼ ਮਾਰਗ ਉਲੀਕਿਆ ਗਿਆ-ਇਹ ਅਨੂਠਾ ਪ੍ਰਯੋਗ ਹੈ ਜਿਸ ਵੱਲ ਦੁਨੀਆਂ ਦੇ ਲੋਕ ਅੱਜ ਵੀ ਕੋਤੂਹਲ ਨਾਲ ਦੇਖ ਕੇ ਸੇਧ ਲੈ ਰਹੇ ਹਨ।

ਤ੍ਰਿਕੁਟੀ ਖੁੱਲਣ ਤੋਂ ਬਾਅਦ ਭਾਗਸ਼ਾਲੀ ਸੰਤ ਭਗਤ ਜੋਗੀ ਫਕੀਰ ਜਦੋਂ ਅੰਤਰ ਪ੍ਰਕਾਸ਼ ਮੰਡਲ ਵਿਚ ਪ੍ਰਵੇਸ਼ ਕਰਦੇ ਹਨ ਤਾਂ ਉਸ ਮੰਡਲ ਵਿਚ ਕਿਸੇ ਇਕ ਸਾਜ ਦੀ ਸੁਰ ਜਾਂ ਹੋਰ ਧੁਨੀ ਉਸ ਗਿਆਨ ਮੰਡਲੀ ਦੇ ਸਾਧਕ ਨੂੰ ਸਰੂਰ ਦਿੰਦੀ ਹੈ। ਇਸ ਧੁਨੀ ਨੂੰ ਨਾਦ ਕਿਹਾ ਗਿਆ ਹੈ ਤੇ ਇਹ ਦਸ ਪ੍ਰਕਾਰ ਦੇ ਹੁੰਦੇ ਹਨ। ਪੂਰਨਤਾ ਤੇ ਪਹੁੰਚਿਆ ਆਤਮ ਗਿਆਨੀ ਅਨਹਦ ਨਾਦ ਸਰਵਨ ਕਰਦਾ ਹੈ। ਬਾਣੀ ਅਨੰਦ (ਮਹਲਾ ਤੀਜਾ) ਇਸ ਅਨਹਦ ਨਾਦ ਦੀ ਪ੍ਰਾਪਤੀ ਨਾਲ ਜੁੜਿਆ ਸੰਪੂਰਨ ਗਿਆਨ ਹੈ। ਸੰਤਾਂ ਭਗਤਾਂ ਨੇ ਵੀ ਦੋ ਤਾਰੇ ਨੂੰ ਮਨ ਦੀ ਮਗਨਤਾ ਦਾ ਸਾਥੀ ਬਣਾਇਆ ਤੇ ਗੁਰੂ ਬਾਬੇ ਨੇ ਰਬਾਬ ਦੇ ਪੂਰਨ ਸਾਜ ਨਾਲ ਗੁਰਬਾਣੀ ਅਵਤਾਰ ਪ੍ਰਗਟ ਕਰਦੇ ਹੋਏ ਜੇਕਰ ਕਰਤਾਲ ਦਿੱਤੀ ਹੋਵੇ ਤਾਂ ਸੁਭਾਵਿਕ ਮੰਨਿਆ ਜਾ ਸਕਦਾ ਹੈ। ਕਰਤਾਰ ਪੁਰ ਵਿਚ ਡੇਰਾ ਬਣਾ ਕੇ ਗੁਰੂ ਬਾਬੇ ਨੇ ਸੰਕੀਰਤਨ ਨੂੰ ਨਿਤਨੇਮ ਬਣਾ ਕੇ ਅਨਹਦ ਨਾਦ ਨੂੰ ਧਰਤੀ ਤੇ ਸਰਬ ਸੁਲਭ ਕਰਨ ਦਾ ਰਹੱਸਮਈ ਉਪਰਾਲਾ ਕੀਤਾ ਹੈ। ਮਥੁਰਾ ਬ੍ਰਿੰਦਾਬਨ ਦੇ ਬਾਬਾ ਹਰੀਦਾਸ ਨੇ ਮਗਰੋਂ ਕੀਰਤਨ ਨੂੰ ਸੰਗੀਤ ਨਾਲ ਬ੍ਰਿੰਦਾਬਨ ਦੇ ਮੰਦਿਰਾਂ ਵਿਚ ਪ੍ਰਵੇਸ਼ ਕੀਤਾ। ਪਿਛੇ ਪੜ੍ਹੀ ਇਕ ਲਿਖਤ ਅਨੁਸਾਰ ਬਾਬਾ ਹਰੀ ਦਾਸ ਭਾਈ ਮਰਦਾਨਾ ਦੇ ਸ਼ਿਸ਼ ਦੱਸੇ ਗਏ ਹਨ।

ਗੁਰੂ ਕੇ ਕੀਰਤਨੀਆਂ ਦੀ ਆਰਥਿਕਤਾ ਬਾਰੇ ਭਾਈ ਕਰਮ ਸਿੰਘ ਰਤਨ ਨੇ ਅੰਮ੍ਰਿਤ ਕੀਰਤਨ ਦੇ ਨਵੰਬਰ (2006) ਅੰਕ ਵਿਚ ਸਾਰੀ ਤ੍ਰਾਸਦੀ ਨਿਸੰਕੋਚ ਬਿਆਨ ਕੀਤੀ ਹੈ। ਨਿੱਜੀ ਤੌਰ ਤੇ ਮੈਂ ਉਨ੍ਹਾਂ ਦੇ ਵਿਚਾਰਾਂ ਨਾਲ ਸਹਿਮਤ ਹਾਂ ਜਦਕਿ ਹਕੀਕਤ ਇਹ ਹੈ ਕਿ ਨਾ ਮੈਂ ਸੰਗੀਤ ਸਿੱਖਿਆ ਹੈ ਤੇ ਨਾ ਹੀ ਕੀਰਤਨ ਕਰਨਾ ਜਾਣਦਾ ਹਾਂ। ਸੰਨ 2000 ਵਿਚ ਪੰਜਾਬੀ ਟ੍ਰਿਬਿਊਨ ਦੇ ਸੰਪਾਦਕੀ ਪੰਨੇ ਤੇ ਇਕ ਸੱਜਨ ਨੇ ਲੇਖ ਲਿਖਿਆ ਸੀ ਕਿ ਰਾਗੀਆਂ ਨਾਲ ਵਿਆਹ ਕਰਾਉਣ ਲਈ 1100/- ਮਿੱਥ ਕੇ ਜਦੋਂ ਵਾਜੇ ਉਤੇ 700 ਰੱਖੇ ਗਏ ਤਾਂ ਉਨ੍ਹਾਂ ਰੌਲਾ ਪਾਇਆ ਕਿ 400 ਘੱਟ ਹੈ। ਰਾਗੀਆਂ ਦੀ ਨਿੰਦਾ ਕਰਨ ਵਾਲੇ ਲੇਖ ਪ੍ਰਤੀ ਸੰਪਾਦਕੀ ਡਾਕ ਵਿਚ ਲਿਖਿਆ ਸੀ ਕਿ ਰਾਗੀ ਤਾਂ ਠੀਕ ਸਨ ਪਰ ਘਰ ਵਾਲੇ ਬੇਈਮਾਨ ਸਨ ਜੋ ਮਿੱਥ ਕੇ ਮੁਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਇਹ ਕਿਹੋ ਜਿਹੀ ਗੁਰਮਤਿ ਹੈ ਪਰ 'ਉਪਦੇਸ਼ ਕੁਸ਼ਲ ਬਹੁਤੇਰੇ' ਅਤੇ ਆਪਣੇ ਟੋਲ ਨੂੰ ਵਿਚਾਰਨ ਦੀ ਲੋੜ ਨਹੀਂ ਸਮਝੀ ਜਾਂਦੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਸਮਾਗਮ ਤੇ ਕੁੱਲੂ ਦੀ ਸੰਗਤ ਨੇ ਭਾਈ ਸਵਰਨ ਸਿੰਘ (ਨੌਸ਼ਹਿਰਾ ਮਝਾ ਸਿੰਘ) ਦਾ ਜਥਾ ਸੱਦਿਆ ਤੇ ਕੁਝ ਗਾਇਕ ਵੀ ਸੱਦੇ। ਇਹ ਰਾਗੀ ਉਦੋਂ ਮੋਲ ਤੋਲ ਨਹੀਂ ਸੀ ਕਰਦੇ। ਪ੍ਰਬੰਧਕਾਂ ਨੇ ਲੱਚਰ ਗੀਤ ਗਾਉਣ ਵਾਲਿਆਂ ਨੂੰ 1500 ਰੁਪਏ ਦਿੱਤੇ ਤੇ ਰਾਗੀਆਂ ਨੂੰ ਕੇਵਲ 500 ਰੁਪਏ ਦਿੱਤੇ। ਭਾਈ ਸਵਰਨ ਸਿੰਘ ਅੜ ਗਏ ਕਿ ਅਸੀਂ ਕੀਰਤਨ ਕੀਤਾ ਹੈ, ਖੁੱਲੇ ਦੀਵਾਨ ਲਗਾਏ ਹਨ ਤੇ ਗੀਤ ਗਾਇਕਾਂ ਨਾਲੋਂ ਕਈ ਗੁਣਾਂ ਵੱਧ ਸਮਾਂ ਵੀ ਲਾਇਆ ਹੈ, ਸਾਨੂੰ ਵੱਧ ਨਹੀਂ ਤਾਂ ਬਰਾਬਰ ਮਾਇਆ ਜ਼ਰੂਰ ਦੇਣੀ ਬਣਦੀ ਹੈ। ਪ੍ਰਬੰਧਕਾਂ ਨੂੰ ਔਖੇ ਹੋ ਕੇ ਦੇਣੀ ਪਈ। ਕਈ ਲੋਕਾਂ ਨੇ ਬੜੀ ਚਰਚਾ ਕੀਤੀ ਪਰ ਮੇਰਾ ਵਿਚਾਰ ਉਦੋਂ ਇਹੋ ਸੀ ਕਿ ਰਾਗੀ ਜਥੇ ਨੇ ਠੀਕ ਪ੍ਰੋਟੈਸਟ ਕੀਤਾ ਸੀ।

ਵੱਡੇ ਵੱਡੇ ਗੁਰਧਾਮਾਂ ਵਿਚ ਤੇ ਹੋਰ ਗੁਰਦੁਆਰਿਆਂ ਵਿਚ ਕੀਰਤਨ ਭੇਟ ਨੂੰ ਸਾਰਾ ਜਾਂ ਅੱਧਾ ਕਮੇਟੀਆਂ ਵਾਲੇ ਲੈ ਜਾਂਦੇ ਹਨ। ਇਸ ਨੁਕਤੇ ਬਾਰੇ ਭਾਈ ਕਰਮ ਸਿੰਘ ਰਤਨ ਦੇ ਵਿਚਾਰ ਸਮੁੱਚੇ ਪ੍ਰਬੰਧਕੀ ਢਾਂਚੇ ਨੂੰ ਚੁਣੌਤੀ ਦਿੱਤੀ ਗਈ ਹੈ ਕਿ ਉਹ ਗੁਰਮਤਿ ਨਾਲ ਸਿੱਧ ਕਰਨ ਕਿ ਕੀਰਤਨ ਭੇਟ ਕੀਰਤਨੀਏ ਦੀ ਹੈ ਜਾਂ ਕਿਸੇ ਕਮੇਟੀ ਦੀ ਆਮਦਨ ਦਾ ਬੂਹਾ? ਨਾਮਧਾਰੀ ਪੰਥ ਦੇ ਬਾਨੀ ਸਤਿਗੁਰ ਰਾਮ ਸਿੰਘ ਜੀ ਨੇ ਦਿਤੂ ਨਾਮੀ ਇਕ ਮਿਰਾਸੀ ਬਾਲਕ ਦੇ ਸੁਰੀਲੇ ਗਲੇ ਕਾਰਨ ਆਪਣੀ ਸਰਨ ਵਿਚ ਲਿਆਕੇ ਗੁਰਬਾਣੀ ਕੰਠ ਕਰਾਈ। ਭਾਈ ਦਿਤੂ ਦਾ ਕੀਰਤਨੀ ਜਥਾ ਵੱਖਰੀ ਪਹਿਚਾਨ ਰੱਖਦਾ ਸੀ। ਜਲਾਵਤਨ ਹੋ ਕੇ ਵੀ ਸਤਿਗੁਰ ਰਾਮ ਸਿੰਘ ਜੀ ਨੇ ਦਿਤੂ ਦੇ ਨਗਰ ਦੀ ਸੰਗਤ ਨੂੰ ਹੁਕਮ ਭੇਜਿਆ ਸੀ ਕਿ ਇਸ ਨੂੰ ਸੰਗਤ ਤਾ ਜ਼ਿੰਦਗੀ ਇਕ ਰੁਪੀਆ ਰੋਜ਼ ਜ਼ਰੂਰ ਦੇਵੇ। ਆਪਨੇ ਲਿਖਿਆ ਇਕ ਇਕ ਲਕੜੀ ਰਲ ਕੇ ਗਰੀਬ ਦਾ ਭਾਰ (ਢਾਈ ਮਨ 100 ਸੇਰ) ਬਣ ਜਾਂਦਾ ਹੈ। ਯਾਦ ਰਹੇ ਉਸ ਵੇਲੇ ਸੋਨਾ 10 ਰੁਪੈ ਤੋਲਾ (12 ਮਾਸੇ ਜਾਂ 12 ਗ੍ਰਾਮ) ਸੀ। ਸੰਨ 1947-

48 ਵਿਚ ਵੀ ਪਰਿਵਾਰਾਂ ਦਾ ਗੁਜ਼ਾਰਾ 2-3 ਰੁਪਏ ਨਾਲ ਰੋਜ਼ ਵਿਚ ਸੌਖਾ ਹੋ ਜਾਂਦਾ ਸੀ। ਅੰਗ੍ਰੇਜ਼ੀ ਰਾਜ ਦਾ ਚਾਂਦੀ ਦਾ ਰੁਪਈਆ ਅਜ ਕਲ 250 ਤੋਂ ਵੀ ਵੱਧ ਦਾ ਹੋ ਚੁੱਕਿਆ ਹੈ। ਸੰਨ 1947-48 ਵਿਚ ਸੋਨਾ 80 ਰੁਪੈ ਤੋਲਾ ਤੋਂ ਸੌ ਦੇ ਨੇੜੇ ਪੁੱਜਾ ਸੀ। ਇਸ ਤਰ੍ਹਾਂ ਰਾਗੀ ਕੀਰਤਨੀਆਂ ਦੇ ਢਿੱਡ ਤੇ ਲੱਤਾਂ ਮਾਰਕੇ ਕਮੇਟੀਆਂ ਕਿਹੜੀ ਗੁਰਮਤਿ ਦਾ ਆਦਰਸ਼ ਪੇਸ਼ ਕਰਦੀਆਂ ਹਨ?

ਸੰਤ ਮਹਾਰਾਜ ਹਰਨਾਮ ਸਿੰਘ ਜੀ ਕਿਲੇ ਵਾਲਿਆਂ (ਮਗਰੋਂ ਨੌਸ਼ਹਿਰਾ ਮਝਾ ਸਿੰਘ) ਦੇ ਕੋਲ ਕਿਲੇ ਵਿੱਚ ਇਕ ਮਿਰਾਸੀ ਭਾਈ ਦੀਪ ਵੀ ਕੀਰਤਨ ਕਰਦਾ ਹੁੰਦਾ ਸੀ। ਇਕ ਵਾਰੀ ਸੰਗਤ ਵਿਚ ਇਕ ਗਾਂਧੀ (ਇਤਰ ਵੇਚਣ ਵਾਲਾ) ਆਇਆ ਤੇ ਉਸਨੇ ਰੂੰ ਦੇ ਫਾਹੇ ਨੂੰ ਅਤਰ ਲਾ ਕੇ ਸਭ ਦੇ ਕਪੜਿਆਂ ਨੂੰ ਛੁਹਾਇਆ। ਭਾਈ ਦੀਪ ਦੀ ਵਾਰੀ ਆਈ ਤਾਂ ਕਹਿਣ ਲੱਗਾ ਕਿ ਗੋਡੇ ਨੂੰ ਲਗਾ ਦਿਓ। ਸੰਤ ਜੀ ਮਹਾਰਾਜ ਨੇ ਪੁੱਛਿਆ ਦੀਪ ਜੀ ਗੋਡੇ ਤੇ ਲਾ ਕੇ ਖੁਸ਼ਬੂ ਕਿਸ ਤਰ੍ਹਾਂ ਆਵੇਗੀ। ਭਾਈ ਦੀਪ ਨੇ ਕਿਹਾ ਮਹਾਰਾਜ ਰਾਤੀ ਗੋਡਾ ਤੇ ਮੂੰਹ ਠੰਡ ਨਾਲ ਇਕੱਠੇ ਹੋ ਹੀ ਜਾਂਦੇ ਹਨ। ਹਜ਼ੂਰ ਸੰਤ ਜੀ ਨੇ ਭਾਈ ਦੀਪ ਨੂੰ ਗਰਮ ਬਿਸਤਰਾ ਦਿਵਾਇਆ ਅਤੇ ਅੱਗੋਂ ਲੰਗਰ ਪਾਣੀ ਤੋਂ ਇਲਾਵਾ ਕੀਰਤਨੀਆਂ ਨੂੰ ਬਿਨਾ ਮਿਣੇ ਮਾਇਆ ਦੇਣ ਦੀ ਰੀਤ ਵੀ ਚਲਾਈ। ਅਸੀਂ ਖੁਦ ਅਨੇਕਾਂ ਵਾਰੀ ਦੇਖਿਆ ਹੈ ਕਿ ਕੀਰਤਨ ਦੇ ਵਿਸਮਾਦੁ ਵਿਚ ਆਪ ਨੇ ਆਪਣੇ ਅੱਗੇ ਪਈ ਸਾਰੀ ਭੇਟਾ ਕੀਰਤਨੀਏ ਵੱਲ ਕਰ ਦੇਣੀ। ਭਾਈ ਰਤਨ ਸਿੰਘ ਜੀ ਨੇ ਦਸਮੇਸ਼ ਪਾਤਸ਼ਾਹ ਜੀ ਦੀ ਸਾਖੀ ਦਰਜ ਕੀਤੀ ਹੈ। ਹਜ਼ੂਰ ਸੰਤ ਜੀ ਨੇ ਇਸ ਤਰ੍ਹਾਂ ਪੂਰੀ ਭੇਟ ਦੇ ਕੇ ਵੀ ਕਹਿਣਾ ਸ਼ਬਦ ਦੀ ਭੇਟਾ ਤਾਂ ਸਿਰ ਹੈ।

ਦਾਸ ਨਿੱਜੀ ਤੌਰ ਤੇ 1994 ਵਿਚ ਢਕਾਨਸੂ (ਰਾਜਪੁਰੇ) ਦੇ ਡੇਰੇ ਦੀ ਕਾਰ ਸੇਵਾ ਨਾਲ ਜੁੜਿਆ। ਇਥੇ ਕੇਵਲ ਪੂਰਨਮਾਸ਼ੀ ਨੂੰ ਮੇਲਾ ਜੁੜਦਾ ਹੈ। ਫਿਰ ਵੀ ਛੇ ਹਜ਼ਾਰ ਰੁਪਈਆ ਮਹੀਨੇ ਵਿਚ ਇਕ ਨੌ ਸਿਖੀਆ ਪਰ ਸੁਰੀਲਾ ਰਾਗੀ ਜਥਾ ਰਖਿਆ। ਭਾਈ ਹਰਿਬਲਜੀਤ ਸਿੰਘ ਉਸ ਵੇਲੇ ਉਸ ਦੀ ਮੱਸ ਫੁੱਟੀ ਹੀ ਸੀ। ਸਭ ਥਾਂ ਰੌਲਾ ਪੈ ਗਿਆ ਕਿ ਢਕਾਨਸੁ ਵਾਲੇ ਰੇਟ ਵਿਗਾੜ ਰਹੇ ਹਨ। ਇਸ ਜਥੇ ਨੂੰ ਲੰਗਰ ਵਿਚੋਂ ਸੰਗਤ ਨਾਲ ਨਾਸ਼ਤਾ ਲੰਗਰ, ਸ਼ਾਮ ਦੀ ਚਾਹ, ਤੇ ਰਾਤ ਦੇ ਲੰਗਰ ਤੋਂ ਬਾਅਦ ਦੁੱਧ ਵੀ ਦਿੱਤਾ ਜਾਂਦਾ ਸੀ। ਕਰੀਬਨ ਇਕ ਸਾਲ ਕੁ ਇਹ ਜਥਾ ਢਕਾਨਸੁ ਰਹਿ ਕੇ ਵੀ ਪ੍ਰਬੰਧਕੀ ਸਰਪ੍ਰਸਤੀ ਹੇਠ ਹੋਰ ਸਮਾਗਮਾਂ ਵਿਚ ਜਾਂਦਾ ਰਿਹਾ। ਸੰਗਤ ਵਿਚ ਬਸਤ ਵੀ ਭੇਟ ਹੋ ਜਾਂਦੇ ਸਨ ਤੇ ਸਾਰੀ ਤਨਖਾਹ ਬਚ ਜਾਂਦੀ ਸੀ। ਮਗਰੋਂ ਹੀ ਇਨ੍ਹਾਂ ਨੇ ਨਿੱਜੀ ਵਧੀਅ ਸਾਜ਼ ਬਣਾਏ ਸਨ। ਐਸ ਵੇਲੇ ਕੁਝ ਕੈਸਟਾਂ ਵੀ ਨਿਕਲੀਆਂ ਹਨ ਤੇ ਪੂਰਬੀ ਏਸ਼ੀਆ ਦੇ ਦੇਸ਼ਾਂ ਦੀ ਹਵਾ ਵੀ ਖਾ ਚੁੱਕੇ ਹਨ। ਕਹਿਣ ਦਾ ਭਾਵ ਹੈ ਕਿ ਆਰਥਿਕ ਪੱਖ ਤੋਂ ਕੀਰਤਨੀਆਂ ਵੱਲ ਪੰਥ ਨੂੰ ਉਚੇਚਾ ਧਿਆਨ ਦੇਣ ਦੀ ਲੋੜ ਕੱਲ੍ਹ ਵੀ ਸੀ ਤੇ ਅੱਜ ਵੀ ਹੈ। ਕੀਰਤਨ ਅਨੰਦ ਉਹੀ ਰਾਗੀ ਦੇ ਸਕਦਾ ਹੈ ਜੋ ਆਰਥਿਕ ਪੱਖੋਂ ਖੁਸ਼ ਤੇ ਸੁਖੀ ਹੋਵੇ।

---

162-ਏ, ਗਰੇਨ ਮਾਰਕੀਟ, ਮੱਧਿਆ ਮਾਰਗ, ਚੰਡੀਗੜ੍ਹ

# ਸੰਤ ਅਤਰ ਸਿੰਘ ਗੁਰਮਤਿ ਸੰਗੀਤ ਵਿਦਿਆਲਾ - ਮਸਤੂਆਣਾ ਸਾਹਿਬ

ਗੁਰਿੰਦਰ ਬੀਰ ਸਿੰਘ

ਵੀਹਵੀਂ ਸਦੀ ਦੇ ਪ੍ਰਸਿੱਧ ਮਹਾਂਪੁਰਖ ਗੁਰਮੁਖ ਪਿਆਰੇ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਵਲੋਂ ਸਥਾਪਿਤ ਮਾਲਵੇ ਦੇ ਪ੍ਰਸਿੱਧ ਅਸਥਾਨ 'ਗੁਰ ਸਾਗਰ ਮਸਤੂਆਣਾ' ਗੁਰਮਤਿ ਅਤੇ ਗੁਰਮਤਿ ਦੀ ਪ੍ਰਸਿੱਧ ਟਕਸਾਲ, ਕੇਂਦਰ ਵਜੋਂ ਸੰਸਾਰ ਵਿਚ ਜਾਣਿਆ ਜਾਂਦਾ ਹੈ।

ਇਸ ਅਸਥਾਨ ਤੇ ਗੁਰਮਤਿ ਅਤੇ ਵਿੱਦਿਆ ਖੇਤਰ ਦੇ ਕਈ ਅਦਾਰੇ ਕਾਲਜ, ਅਕੈਡਮੀਆਂ, ਵਿੱਦਿਆਲੇ ਚੱਲ ਰਹੇ ਹਨ। ਇਥੋਂ ਵਿੱਦਿਆ ਗ੍ਰਹਿਣ ਕਰਕੇ ਅਨੇਕਾਂ ਗੁਰੂ ਸਵਾਰੇ ਗੁਰਮਤ, ਕੀਰਤਨ ਅਤੇ ਵਿੱਦਿਆ ਖੇਤਰ ਵਿਚ ਯੋਗਦਾਨ ਪਾ ਰਹੇ ਹਨ।

ਇਥੇ 1945 ਤੋਂ ਗੁ: ਅੰਗੀਠਾ ਸਾਹਿਬ ਵਿਖੇ ਸੰਤ ਅਤਰ ਸਿੰਘ ਗੁਰਮਤਿ ਸੰਗੀਤ ਵਿੱਦਿਆਲਾ ਚੱਲ ਰਿਹਾ ਹੈ। ਇਸ ਅਸਥਾਨ ਦੇ ਮੁਖੀਆਂ ਵਿਚੋਂ ਬਾਬਾ ਬਚਨ ਸਿੰਘ ਅਤੇ ਬਾਬਾ ਆਸਾ ਸਿੰਘ ਜੀ ਦੇ ਨਾਮ ਵਰਨਣਯੋਗ ਹਨ। ਅੱਜ ਕਲ੍ਹ ਇਸ ਟਕਸਾਲ ਦੇ ਮੁਖੀ ਸੰਤ ਸੇਵਕ ਜਥੇ ਦੇ ਪ੍ਰਧਾਨ ਬਾਬਾ ਲਾਲ ਸਿੰਘ ਅਤੇ ਮੁੱਖ ਪ੍ਰਬੰਧਕ ਸੰਤ ਬਾਬਾ ਰੂੜ ਸਿੰਘ ਜੀ ਹਨ, ਜਿਨ੍ਹਾਂ ਦੀ ਦੇਖ ਰੇਖ ਹੇਠ ਕਈ ਅਦਾਰੇ ਸਫ਼ਲਤਾ ਪੂਰਵਕ ਚੱਲ ਰਹੇ ਹਨ।

ਗੁਰਮਤਿ ਸੰਗੀਤ ਵਿੱਦਿਆਲੇ ਵਿਚ 1945 ਤੋਂ 1962 ਤਕ ਪ੍ਰਸਿੱਧ ਵਿਦਵਾਨ ਗਿ: ਚੰਨਣ ਸਿੰਘ ਜੀ ਗੁਰਨਿਆਂ ਵਾਲੇ (ਜੋ ਬਾਅਦ ਵਿਚ ਤਖਤ ਸ੍ਰੀ ਦਮਦਮਾ ਸਾਹਿਬ ਦੇ ਹੈੱਡ ਗ੍ਰੰਥੀ ਬਣੇ) ਸੇਵਾ ਨਿਭਾਉਂਦੇ ਰਹੇ। ਬੱਚਿਆਂ ਨੂੰ ਗੁਰਬਾਣੀ ਦੀ ਸਿੱਖਿਆ, ਕਥਾ ਅਤੇ ਕੀਰਤਨ ਸਿਖਾਉਂਦੇ ਰਹੇ। ਫਿਰ ਕਾਫੀ ਸਮਾਂ ਗਿ: ਨਛੱਤਰ ਸਿੰਘ 'ਖੁਸ਼ਦਿਲ' ਅਤੇ ਭਾਈ ਗੁਰਸੇਵਕ ਸਿੰਘ ਗੁਰਮਤ ਕਲਾਸ ਲਾਉਂਦੇ ਰਹੇ। 1962 ਤੋਂ 1974 ਤੱਕ ਪੰਥ ਦੇ ਮਹਾਨ ਗੁਰਮਤਿ ਸੰਗੀਤ ਵਿਦਵਾਨ ਉਸਤਾਦ ਰਾਗੀ ਜਸਵੰਤ ਸਿੰਘ ਜੀ 'ਤੀਬਰ' (ਕੁਲਾਰਾਂ ਵਾਲੇ) ਵਿਦਿਆਰਥੀਆਂ ਨੂੰ ਕੀਰਤਨ ਅਤੇ ਤਬਲਾ ਸਿਖਾਉਣ ਦੀ ਸੇਵਾ ਨਿਭਾਉਂਦੇ ਰਹੇ। ਉਸਤਾਦ 'ਤੀਬਰ' ਸਾਹਿਬ ਨੇ ਪੁਰਾਤਨ ਪਰੰਪਰਾ ਅਨੁਸਾਰ ਕੀਰਤਨ ਅਤੇ ਪੰਜਾਬ ਘਰਾਣੇ ਅਨੁਸਾਰ ਤਬਲਾ ਸਿਖਾਇਆ। ਇਨ੍ਹਾਂ ਦੇ ਕਈ ਸ਼ਾਗਿਰਦਾਂ ਨੇ ਕੀਰਤਨ ਖੇਤਰ ਵਿਚ ਚੰਗਾ ਨਾਮਣਾ ਖੱਟਿਆ। ਇਨ੍ਹਾਂ ਦੇ ਸ਼ਾਗਿਰਦਾਂ ਵਿਚੋਂ ਰਾਗੀ ਸੁਰਜੀਤ ਸਿੰਘ ਜੀ, ਸ੍ਰ. ਰਾਗੀ ਕਰਮ ਸਿੰਘ ਨਿਹੰਗ, ਰਾਗੀ ਲਾਲ ਸਿੰਘ, ਭਾਈ ਪ੍ਰੀਤਮ ਸਿੰਘ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ) ਅਤੇ ਭਾਈ ਮੁਖਤਿਆਰ ਸਿੰਘ ਮੁਖ ਹਨ, ਜੋ ਵਿਦੇਸ਼ਾਂ ਵਿਚ ਅਤੇ ਗੁਰ ਅਸਥਾਨਾਂ 'ਤੇ ਕੀਰਤਨ ਦੀ ਸੇਵਾ ਕਰ ਰਹੇ ਹਨ।

ਉਸਤਾਦ ਜੀ ਦੇ ਮਹਿਤਾ ਚੌਂਕ ਚਲੇ ਜਾਣ ਕਾਰਨ ਕਈ ਸਾਲ ਵਿੱਦਿਆਲਾ ਬੰਦ ਰਿਹਾ। ਫਿਰ 1985 ਵਿਚ ਉਸਤਾਦ ਤੀਬਰ ਜੀ ਦੇ ਸ਼ਾਗਿਰਦ ਰਾਗੀ ਲਾਲ ਸਿੰਘ ਜੀ ਧਨੌਲੇ ਵਾਲੇ ਇਸ ਵਿੱਦਿਆਲੇ ਦੇ ਪ੍ਰਿੰਸੀਪਲ ਬਣੇ। ਉਨ੍ਹਾਂ ਨੇ ਕਈ ਸਾਲ ਬੱਚਿਆਂ ਨੂੰ ਰਾਗ ਵਿੱਦਿਆ ਦੀ ਉੱਚ ਤਾਲੀਮ ਦੇ ਕੇ ਆਪਣੇ ਕਿੱਤੇ ਵਿਚ ਨਿਪੁੰਨ ਕੀਤਾ। ਰਾਗੀ ਲਾਲ ਸਿੰਘ ਜੀ ਦੇ ਸ਼ਾਗਿਰਦਾਂ ਵਿਚੋਂ ਭਾਈ ਸੁਖਰਾਜ ਸਿੰਘ, ਭਾਈ ਜਗਜੀਵਨ ਸਿੰਘ, ਭਾਈ ਤ੍ਰਿਲੋਚਨ ਸਿੰਘ ਵਿਸ਼ੇਸ਼ ਹਨ।

2001 ਤੋਂ ਇਸ ਗੁਰਮਤਿ ਸੰਗੀਤ ਵਿੱਦਿਆਲੇ ਵਿਚ ਭਾਈ ਅਵਤਾਰ ਸਿੰਘ 'ਹੰਸ' ਸੰਗਰੂਰ ਵਾਲੇ ਸਿਖਾਉਣ ਦੀ ਸੇਵਾ ਕਰ ਰਹੇ ਹਨ। ਹੰਸ ਜੀ ਗੁਰੂ ਘਰ ਦੀ ਪ੍ਰੰਪਰਾਗਤ ਸ਼ੈਲੀ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਵਿਚ ਅਤੇ ਪੁਰਾਤਨ ਕੀਰਤਨ ਰੀਤਾਂ ਅਨੁਸਾਰ ਕੀਰਤਨ ਸਿਖਾਉਂਦੇ ਹਨ ਤੇ ਤਬਲਾ ਸਿਖਾਉਂਦੇ ਹਨ। ਇਨ੍ਹਾਂ ਦੇ ਵਿੱਦਿਆਰਥੀ ਭਾਈ ਊਧਮ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਹਰਪ੍ਰੀਤ ਸਿੰਘ ਅਤੇ ਗੁਰਮੀਤ ਸਿੰਘ ਹੋਣਹਾਰ ਕੀਰਤਨੀਏ ਹਨ। ਇਹ ਵਿਦਿਆਰਥੀ ਪਿਛਲੇ ਦਿਨੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਹੋਏ ਗੁਰਮਤਿ ਸੰਗੀਤ ਪ੍ਰਯੋਗਤਾ ਵਿਚ ਭਾਗ ਲੈ ਕੇ ਆਏ ਹਨ ਗੁ; ਸਾਹਿਬ ਵਿਖੇ ਸਵੇਰੇ ਸ਼ਾਮ ਕੀਰਤਨ ਵਿਚ ਭਾਗ ਲੈਂਦੇ ਹਨ। ਇਸ ਤਰ੍ਹਾਂ ਸੰਤ ਅਤਰ ਸਿੰਘ ਗੁਰਮਤਿ ਸੰਗੀਤ ਵਿਦਿਆਲਾ ਮਸਤੂਆਣਾ, ਗੁਰਮਤਿ ਸੰਗੀਤ ਖੇਤਰ ਵਿਚ ਆਪਣਾ ਯੋਗਦਾਨ ਪਾ ਰਿਹਾ ਹੈ। ਰਾਗ ਵਿੱਦਿਆ ਵਿਚ ਨਿਪੁੰਨ ਕੀਰਤਨੀਏ ਤਿਆਰ ਕਰ ਕੇ ਪੰਥ ਨੂੰ ਸੌਂਪ ਰਿਹਾ ਹੈ।

*ਮਕਾਨ ਨੰ: 339, ਗਲੀ ਨੰ: 18,*
*ਪ੍ਰੇਮ ਬਸਤੀ, ਸੰਗਰੂਰ*

# ਗੁਰਮਤਿ ਸੰਗੀਤ ਉਤਸਵ 2006

## ਗੁਰਜੰਤ ਸਿੰਘ ਰਾਹੀ

ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਜਿਥੇ ਵਿੱਦਿਆ ਦੇ ਹੋਰ ਖੇਤਰਾਂ ਵਿਚ ਨਾਂ ਹੈ, ਉਥੇ ਹੀ ਡਾ. ਗੁਰਨਾਮ ਸਿੰਘ ਦੇ ਉੱਦਮ ਸਦਕਾ ਸ. ਸਵਰਨ ਸਿੰਘ ਬੋਪਾਰਾਏ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਕੀਰਤੀ ਚਕਰ ਪਦਮ ਸਿਰੀ ਅਵਾਰਡ ਨਾਲ ਸਨਮਾਨਿਤ ਦੀ ਯੋਗ ਅਗਵਾਈ ਵਿਚ ਗੁਰਮਤਿ ਸੰਗੀਤ ਦੀ ਐਮ ਏ ਸ਼ੁਰੂ ਕਰਨ ਦਾ ਮਾਨ ਪ੍ਰਾਪਤ ਹੋ ਚੁੱਕਾ ਹੈ। ਮਿਤੀ 26/10/2006 ਨੂੰ ਯੂਨੀਵਰਸਿਟੀ ਦੇ ਕੈਂਪਸ ਵਿਚ ਪਹਿਲਾ ਗੁਰਮਤਿ ਸੰਗੀਤ ਉਤਸਵ 2006 ਕਰਵਾ ਕੇ ਇਕ ਮੀਲ ਪੱਥਰ ਕਾਇਮ ਕਰ ਦਿੱਤਾ। ਉਭਰਦੇ ਗੁਰਮਤਿ ਸੰਗੀਤਕਾਰਾਂ, ਸ਼ਬਦ ਗਾਇਕਾਂ, ਵਾਦਕਾਂ ਸਾਜ-ਸੰਗੀਤ ਅਤੇ ਤਾਲ-ਸਾਜ ਦਾ ਯੂਨੀਅਰ ਅਤੇ ਸੀਨੀਅਰ ਦੋ ਗਰੁੱਪਾਂ ਵਿਚ ਮੁਕਾਬਲਾ ਸ਼ੁਰੂ ਕਰਵਾ ਕੇ ਜਿਥੇ ਗੁਰਮਤਿ ਸੰਗੀਤ ਦੇ ਆਉਣ ਵਾਲੇ ਸਮੇਂ ਲਈ ਚੰਗੇ ਵਿਦਵਾਨ ਪੈਦਾ ਕਰਨ ਲਈ ਰਾਹ ਖੋਲ੍ਹਿਆ ਉਥੇ ਗੁਰਬਾਣੀ ਰਸੀਆਂ ਲਈ ਗੁਰਮਤਿ ਸੰਗੀਤ ਦਾ ਆਨੰਦ ਲੈਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠ ਕੇ ਗੁਰਬਾਣੀ ਸੁਣਨ ਦਾ ਸੁਭਾਗ ਸਮਾਂ ਪ੍ਰਾਪਤ ਕਰਵਾਇਆ। ਪ੍ਰਤੀਯੋਗਤਾ ਵਿਚ ਤਕਰੀਬਨ 120 ਪ੍ਰਤੀਯੋਗੀਆਂ ਨੇ ਭਾਗ ਲਿਆ। ਜਿਸ ਵਿਚ ਗਾਇਨ ਸੀਨੀਅਰ ਵਿਚ ਭਾਈ ਹਰਵਿੰਦਰ ਸਿੰਘ ਪਹਿਲੇ, ਅਨੂਬਾਲਾ ਦੂਜੇ, ਸਵਰਲੀਨ ਕੌਰ ਤੀਜੇ ਸਥਾਨ 'ਤੇ ਰਹੇ। ਜੂਨੀਅਰ ਗਰੁੱਪ ਵਿਚ ਭਾਈ ਹਰਜੀਤ ਸਿੰਘ ਪਹਿਲਾ, ਬੀਬੀ ਆਸ਼ੂਪ੍ਰੀਤ ਕੌਰ ਦੂਜਾ ਅਤੇ ਜਸ਼ਨਪ੍ਰੀਤ ਕੌਰ ਤੀਜੇ ਸਥਾਨ 'ਤੇ ਰਹੀ। ਤੰਤੀ ਸਾਜਾਂ ਵਿਚ ਸੀਨੀਅਰ ਗਰੁੱਪ ਵਿਚ ਦੇਵਿੰਦਰ ਸਿੰਘ ਪਹਿਲਾ, ਸੁਪ੍ਰੀਤ ਸਿੰਘ ਦੂਜਾ ਅਤੇ ਬੀਬੀ ਪੂਜਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਜੂਨੀਅਰ ਗਰੁੱਪ ਵਿਚ ਭਵਭੰਜਨ ਸਿੰਘ ਦੂਜਾ, ਤੇ ਹਰਵਿੰਦਰ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਤਾਲ ਵਾਦਨ ਸੀਨੀਅਰ ਵਿਚ ਈਸ਼ਵਰ ਸਿੰਘ ਪਹਿਲਾ, ਪਰਮਿੰਦਰ ਸਿੰਘ ਦੂਜੇ ਅਤੇ ਤੇਜਸਵਰ ਸਿੰਘ ਤੀਜੇ ਸਥਾਨ ਤੇ ਰਹੇ। ਜੂਨੀਅਰ ਗਰੁੱਪ ਵਿਚ ਸੁਰਜੀਤ ਸਿੰਘ ਨੇ ਪਹਿਲਾ ਹਰਪ੍ਰੀਤ ਸਿੰਘ ਦੂਜਾ ਅਤੇ ਸੁਰਜੀਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸਾਰੇ ਪ੍ਰਤੀਯੋਗੀਆਂ ਨੂੰ ਪ੍ਰਮਾਣ ਪੱਤਰ ਅਤੇ ਪੁਜੀਸ਼ਨ ਹਾਸਲ ਕਰਨ ਵਾਲਿਆਂ ਨੂੰ ਨਕਦ ਇਨਾਮ ਵੀ ਦਿੱਤੇ ਗਏ। ਹਰਬਲਭ ਸੰਗੀਤ ਸੰਮੇਲਨ ਵਾਂਗ ਜੇਕਰ ਇਹ ਉਤਸਵ ਹਰ ਸਾਲ ਲਗਦਾ ਰਹੇ ਤਾਂ ਇਸਦੇ ਨਤੀਜੇ ਬਹੁਤ ਵਧੀਆ ਨਿਕਲ ਸਕਦੇ ਹਨ।

ਮਿਤੀ 28-10-06 ਵਾਲੇ ਦਿਨ ਯੂਨੀਵਰਸਿਟੀ ਕੈਂਪਸ ਦੇ ਗੁਰਦੁਆਰਾ ਸਾਹਿਬ ਵਿਖੇ ਖੁੱਲ੍ਹੇ ਪੰਡਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਵਿਸ਼ਾਲ ਕੀਰਤਨ ਦਰਬਾਰ ਹੋਇਆ, ਜਿਸ ਵਿਚ ਹਜ਼ੂਰੀ ਰਾਗੀ ਭਾਈ ਹਰੀ ਸਿੰਘ ਨੇ ਮਲਾਰ ਭਾਈ ਮਨਜੀਤ ਸਿੰਘ ਹਜ਼ੂਰੀ ਰਾਗੀ ਅਤੇ ਭਾਈ ਨਰਿੰਦਰ ਸਿੰਘ ਨੇ ਰਾਗ ਆਸਾ ਵਿਚ ਪੜਤਾਲ ਗਾ ਕੇ ਆਪਣੀ ਹਾਜ਼ਰੀ ਲੁਆਈ। ਪ੍ਰਿੰ: ਸਮਸ਼ੇਰ ਸਿੰਘ ਕਰੀਰ ਨੇ ਬਿਲਾਵਲ ਵਿਚ ***ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੇ*** ਗਾ ਕੇ ਹਾਜ਼ਰੀ ਲੁਆਈ। ਰਾਗ ਗੋਂਡ ਵਿਚ ***ਮੋਕਉ ਤਾਰ ਲੇ ਰਾਮਾ ਤਾਰ ਲੇ*** ਬਹੁਤ ਵਧੀਆ ਬੰਦਸ਼ ਗਾਈ। ਭਾਈ ਰਘਬੀਰ ਸਿੰਘ ਦੀ ਤਬਲਾ ਸੰਗਤ ਨੇ ਹੋਰ ਵੀ ਨਿਖਾਰ ਲਿਆਂਦਾ। ਭਾਈ ਬਲਬੀਰ ਸਿੰਘ ਸ਼੍ਰੋਮਣੀ ਰਾਗੀ ਨੇ ਦੇਸੀ ਤੋੜੀ ਅਤੇ ਧਨਾਸਰੀ ਵਿਚ ਆਪਣੀ ਖਾਸ ਬੰਦਸ਼ ਦਾ ਬਹੁਤ ਵਧੀਆ ਗਾਇਨ ਕੀਤਾ। ਬੀਬੀ ਜਸਵਿੰਦਰ ਕੌਰ ਜਵੱਦੀ ਅਤੇ ਭਾਈ ਗੁਰਮੀਤ ਸਿੰਘ ਸ਼ਾਂਤ ਨੇ ਰਾਗ ਤਿਲੰਗ ਵਿਚ ਪੜਤਾਲ ਗਾ ਕੇ ਹਾਜ਼ਰੀ ਲੁਆਈ। ਬੀਬੀ ਹਰਜੀਤ ਕੌਰ ਸਪੁੱਤਰੀ ਭਾਈ ਬਖਸ਼ੀਸ਼ ਸਿੰਘ ਨੇ ਪੜਤਾਲ ਗਾ ਕੇ ਭਾਈ ਸਾਹਿਬ ਜੀ ਦੀ ਯਾਦ ਤਾਜ਼ਾ ਕਰਵਾ ਦਿੱਤੀ। ਉਸਤਾਦ ਸੰਗੀਤਕਾਰ ਸ. ਉੱਤਮ ਸਿੰਘ ਜੀ ਨੇ ਦਰਬਾਰੀ ਵਿਚ ***ਨੈਨੋ ਨੀਰ ਬਹੇ ਤਨ ਖੀਨਾ*** ਆਪਣੇ ਮਾਤਾ ਜੀ ਤੋਂ ਸੁਣੀ ਹੋਈ ਬੰਦਸ਼ ਗਾਈ। ਜੋ ਹਿਰਦੇ ਤਕ ਪਹੁੰਚ ਕਰਦੀ ਸੀ। ਵਾਹਿਗੁਰੂ ਦੀ ਧੁਨੀ ਦਾ ਆਨੰਦ ਵੀ ਅਲੱਗ ਹੀ ਸੀ। ਜੋ ਕਥਨ ਵਿਚ ਨਹੀਂ ਆ ਸਕਦਾ।

ਸਮਾਗਮ ਵਿਚ ਸੂਫੀ ਗਾਇਕ ਹੰਸ ਰਾਜ ਹੰਸ ਸੂਫੀ ਲਿਬਾਸ ਵਿਚ ਆਏ ਮਾਸਟਰ ਉਜਾਗਰ ਆਖੰਡ ਕੀਰਤਨੀ ਜਥਾ ਕੈਨੇਡਾ ਜਿਨ੍ਹਾਂ ਨੇ ਗੁਰਮਤਿ ਸੰਗੀਤ ਵਿਭਾਗ ਲਈ ਵੀਹ ਲੱਖ ਰੁਪਏ ਦੇਣ ਦਾ ਵਚਨ ਕੀਤਾ। ਹਾਂਗਕਾਂਗ ਦੀ

ਸੰਗਤ ਵਲੋਂ ਤੰਤੀ ਸਾਜ਼ਾਂ ਲਈ ਦੋ ਲੱਖ ਰੁਪਏ ਭੇਟ ਹੋਏ।

ਡਾ. ਗੁਰਨਾਮ ਸਿੰਘ ਗੁਰਬਾਣੀ ਸ਼ੁਧ ਉਚਾਰਨ ਗੁਰਮਤਿ ਸੰਗੀਤ ਦੇ ਸਲੇਬਸ ਦਾ ਹਿੱਸਾ ਬਨਾਉਣ ਦੀ ਸਹਿਮਤੀ ਦਿੱਤੀ। ਭਾਈ ਅਸ਼ੋਕ ਸਿੰਘ ਬਾਗੜੀਆ, ਬੀਬੀ ਜਸਵੀਰ ਕੌਰ ਖਾਲਸਾ ਅਤੇ ਸੁਰਿੰਦਰ ਸਿੰਘ 'ਸਿੰਘ ਬੰਧੂ' ਗੁਰਮਤਿ ਸੰਗੀਤ ਵਿਭਾਗ ਦੇ ਸਾਰੇ ਵਿਦਿਅਰਥੀਆਂ ਦਾ ਬੜਾ ਸਹਿਯੋਗ ਰਿਹਾ। ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਨੇ ਤੰਤੀ ਸਾਜ਼ਾਂ ਨਾਲ ਪੜਤਾਲ ਗਾ ਕੇ ਖੂਬ ਆਨੰਦਤ ਕੀਤਾ। ਨੌਜਵਾਨ ਬੱਚੇ ਬੱਚੀਆਂ ਨੂੰ ਰਬਾਬ, ਦਿਲਰੁਬਾ, ਤਾਊਸ ਸਰੰਦਾ, ਤਾਨਪੁਰਾ, ਸੁਰਮੰਡਲ, ਤਬਲਾ, ਪਖਾਵਜ ਨਾਲ ਸ਼ਬਦ ਗਾਇਨ ਕਰਦਿਆਂ ਵੇਖ ਕੇ ਯਕੀਨ ਹੋ ਗਿਆ ਕਿ ਡਾ. ਗੁਰਨਾਮ ਸਿੰਘ ਦੀ ਰਹਿਨੁਮਾਈ ਵਿਚ ਗੁਰਮਤਿ ਸੰਗੀਤ ਦਾ ਭਵਿੱਖ ਰੌਸ਼ਨ ਹੈ। ਡਾ. ਗੁਰਨਾਮ ਸਿੰਘ ਨੇ ਆਪਣੇ ਸਮਰਪਿਤ ਸੁਭਾ ਸਦਕਾ ਜੋ ਵਿਸ਼ਵ ਦੀਆਂ ਸਿੱਖ ਸੰਗਤਾਂ ਨੂੰ ਨਾਲ ਜੋੜ ਕੇ ਸਹਿਯੋਗ ਪ੍ਰਾਪਤ ਕੀਤਾ ਹੈ। ਇਹ ਸ਼ਲਾਘਾ ਯੋਗ ਹੈ ਕਿਉਂਕਿ ਅਜਿਹੇ ਪ੍ਰੋਜੈਕਟ ਨਿਰੇ ਸਰਕਾਰਾਂ ਦੇ ਰਹਿਮੋ ਕਰਮ ਤੇ ਸਦਾ ਨਹੀਂ ਚੱਲ ਸਕਦੇ। ਸਰਕਾਰਾਂ ਤਾਂ ਬਦਲਦੀਆਂ ਰਹਿੰਦੀਆਂ ਹਨ। ਗੁਰਬਾਣੀ ਕੀਰਤਨ ਸੰਗੀਤ ਦਾ ਹੈ ਤੇ ਸੰਗਤ ਵਾਸਤੇ ਹੈ। ਇਸ ਲਈ ਸੰਗਤ ਦੇ ਸਹਿਯੋਗ ਤੋਂ ਬਿਨਾਂ ਇਸਦੀ ਹੋਂਦ ਵੀ ਮੁਮਕਿਨ ਨਹੀਂ। ਭਾਈ ਕੁਲਤਾਰ ਸਿੰਘ ਸਪੁੱਤਰ ਭਾਈ ਅਵਤਾਰ ਸਿੰਘ/ਗੁਰਚਰਨ ਸਿੰਘ ਰਾਗੀ ਨੂੰ ਫੈਲੋਸ਼ਿਪ ਦਿੱਤੀ ਗਈ। ਇਸ ਘਰਾਣੇ ਕੋਲ ਗੁਰਮਤਿ ਸੰਗੀਤ ਦਾ ਪ੍ਰਾਚੀਨ ਖਜ਼ਾਨਾ ਹੈ। ਵਖ ਵਖ ਰਾਗੀ ਜਥਿਆਂ ਪਾਸੋਂ 50-55 ਪੜਤਾਲਾਂ ਦੀ ਰਿਕਾਰਡਿੰਗ ਕਰਵਾਈ ਗਈ। ਇਥੇ ਇਹ ਵੀ ਲਿਖਣਾ ਕੁਥਾਂ ਨਹੀਂ ਹੋਵੇਗਾ ਕਿ ਇਨ੍ਹਾਂ ਰਿਕਾਰਡਿੰਗਜ਼ ਨੂੰ ਨਿਰਾ ਨਿੱਜੀ ਲਾਇਬਰੇਰੀ ਦਾ ਸ਼ਿੰਗਾਰ ਨਾ ਬਣਨ ਦਿਓ ਸਗੋਂ ਸੰਗਤ ਤਕ ਪਹੁੰਚਦੀਆਂ ਕਰਿਓ ਤਾਂ ਕਿ ਸੰਗਤ ਨੂੰ ਰਾਗ ਅਧਾਰਤ ਸ਼ਬਦ ਸੁਣਨ ਦੀ ਰੁਚੀ ਪ੍ਰਬਲ ਹੋ ਸਕੇ। ਡਾ. ਜਾਗੀਰ ਸਿੰਘ ਜੀ ਦੀ ਸਿਹਤ ਠੀਕ ਨਾ ਹੋਣ ਕਰਕੇ ਉਨ੍ਹਾਂ ਦੀ ਗੈਰ ਹਾਜ਼ਰੀ ਰੜਕਦੀ ਰਹੀ। ਜਦ ਮੈਂ ਫੋਨ ਤੇ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਤੁਸੀਂ ਆ ਗਏ ਅੰਮ੍ਰਿਤ ਕੀਰਤਨ ਦੀ ਹਾਜ਼ਰੀ ਲੱਗ ਗਈ। ਭਾਈ ਅਵਤਾਰ ਸਿੰਘ ਹੰਸ ਗੁਰਮਤਿ ਸੰਗੀਤ ਵਿੱਦਿਆਲਾ ਮਸਤੂਅਣਾ ਵਿੱਦਿਆਰਥੀਆਂ ਨੂੰ ਸੁਣਾਉਣ ਲਈ ਨਾਲ ਲੈ ਕੇ ਆਏ। ਪਿੰਡਾਂ ਦੇ ਬੱਚੇ ਬੜੇ ਹੈਰਾਨ ਤੇ ਖੁਸ਼ ਸਨ ਜਿਨ੍ਹਾਂ ਨੇ ਪਹਿਲੀ ਵਾਰੀ ਅਜਿਹੇ ਸਾਜ਼ ਵੇਖੇ ਸਨ ਤੇ ਵੱਜਦੇ ਸੁਣੇ ਸਨ। ਜਦੋਂ ਉਨ੍ਹਾਂ ਬੱਚਿਆਂ ਨੇ ਰਬਾਬ ਸਰੰਦਾ ਅਤੇ ਤਾਊਸ ਆਪਣੇ ਹੱਥ ਵਿਚ ਫੜ ਕੇ ਉਸਦੀਆਂ ਤਾਰਾਂ ਤੇ ਸਾਜ਼ ਨੂੰ ਛੂਹ ਕੇ ਦੇਖਿਆ ਤਾਂ ਉਨ੍ਹਾਂ ਦੀ ਖੁਸ਼ੀ ਦਾ ਠਿਕਾਣਾ ਨਾ ਰਿਹਾ। ਉਹ ਸਾਰੇ ਰਾਹ ਹੀ ਪੁੱਛਦੇ ਰਹੇ। ਉਸਤਾਦ ਜੀ ਭਾਈ ਮਰਦਾਨਾ ਜੀ ਏਹੀ ਰਬਾਬ ਵਜਾਇਆ ਕਰਦੇ ਸਨ। ਸਰੰਦੇ ਨਾਲ ਗੁਰੂ ਅਰਜਨ ਦੇਵ ਜੀ ਆਪ ਕੀਰਤਨ ਕਰਿਆ ਕਰਦੇ ਸਨ।

ਪ੍ਰੋਗਰਾਮ ਦੀ ਸਫ਼ਲਤਾ ਲਈ ਡਾ. ਗੁਰਨਾਮ ਸਿੰਘ ਦੀ ਸਾਰੀ ਟੀਮ ਵਧਾਈ ਦੀ ਪਾਤਰ ਹੈ।

---

*ਗੁਰਮਤਿ ਸੰਗੀਤ ਵਿੱਦਿਆਲਾ, ਨਾਨਕਿਆਣਾ ਰੋਡ,ਸੰਗਰੂਰ*

# ਪੁਰਾਤਨ ਕੀਰਤਨ ਪ੍ਰੰਪਰਾ ਦੇ ਸੰਭਾਲਕਾਰ-ਸ. ਹਰਕ੍ਰਿਸ਼ਨ ਸਿੰਘ ਜੀ 'ਧੂਪੀਆ'

ਅਵਤਾਰ ਸਿੰਘ 'ਹੰਸ'

ਸ. ਹਰਕ੍ਰਿਸ਼ਨ ਸਿੰਘ ਜੀ 'ਧੂਪੀਆ' ਗੁਰਮਤਿ ਸੰਗੀਤ ਨੂੰ ਸਮਰਪਿਤ ਸਖਸ਼ੀਅਤ ਹਨ ਜੋ ਕਿ ਅਧੁਨਿਕ ਢੰਗ ਨਾਲ ਗੁਰਮਤਿ ਸੰਗੀਤ ਕੀਰਤਨ ਵਿਰਸੇ ਦੀ ਸੰਭਾਲ ਕਰ ਰਹੇ ਹਨ। ਆਪ ਜੀ ਸਖਤ ਘਾਲਣਾ ਘਾਲ ਕੇ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ, ਕੀਰਤਨਕਾਰਾਂ, ਖੋਜੀਆਂ ਅਤੇ ਕੀਰਤਨ ਪ੍ਰੇਮੀਆਂ ਲਈ ਗੁਰੂ ਘਰ ਦੇ ਪ੍ਰਸਿੱਧ ਪੁਰਾਤਨ ਕੀਰਤਨੀਆਂ ਦੀਆਂ ਦੁਰਲੱਭ ਰਿਕਾਰਡਿੰਗਾਂ ਲੱਭ ਲੱਭ ਕੇ ਅਧੁਨਿਕ ਢੰਗ ਨਾਲ ਸੀ.ਡੀ. ਤਿਆਰ ਕਰਕੇ ਜਿਲ੍ਹੇ ਵਾਰ ਫਰੀ ਭੇਜਦੇ ਹਨ।

ਸ. ਹਰਕ੍ਰਿਸ਼ਨ ਸਿੰਘ 'ਧੂਪੀਆ' ਦੇ ਸਤਿਕਾਰ ਯੋਗ ਪਿਤਾ ਜੀ ਦੇਸ਼ ਦੀ ਵੰਡ ਸਮੇਂ ਪੰਜਾਬ ਸਿੰਧ ਬੈਂਕ ਦੇ ਸਕੱਤਰ ਪਦ ਤੋਂ ਰਿਟਾਇਰ ਹੋਏ। ਸ. ਹਰਕ੍ਰਿਸ਼ਨ ਸਿੰਘ ਧੂਪੀਆ ਦਾ ਜਨਮ ਵੀ ਪੰਜਾਬ ਐਂਡ ਸਿੰਧ ਬੈਂਕ ਦੇ ਹੈੱਡ ਕੁਆਰਟਰ ਅੰਮ੍ਰਿਤਸਰ ਵਿਖੇ ਹੋਇਆ। ਉਥੇ ਹੀ ਆਪ ਨੇ ਵਿੱਦਿਆ ਪ੍ਰਾਪਤ ਕੀਤੀ ਤੇ 18 ਸਾਲ ਦੀ ਉਮਰ ਤਕ ਉਥੇ ਰਹੇ। ਫਿਰ ਆਪ ਨੇ ਦਿੱਲੀ ਵਿਖੇ ਆ ਕੇ ਸਰਕਾਰੀ ਨੌਕਰੀ ਸ਼ੁਰੂ ਕਰ ਦਿੱਤੀ। ਸ. ਹਰਕ੍ਰਿਸ਼ਨ ਸਿੰਘ ਜੀ ਨੇ ਸਾਰੀ ਉਮਰ ਆਲ ਇੰਡੀਆ ਰੇਡੀਓ ਸਟੇਸ਼ਨ ਤੇ ਸਰਵਿਸ ਕੀਤੀ। ਕਾਫ਼ੀ ਸਮਾਂ ਉਥੇ ਆਪ ਰਿਕਾਰਡਿੰਗ ਇੰਜੀਨੀਅਰ ਰਹੇ ਫਿਰ ਆਲ ਇੰਡੀਆ ਦੇ ਡਾਇਰੈਕਟਰ ਨਿਯੁਕਤ ਹੋਏ। ਧੂਪੀਆ ਸਾਹਿਬ ਨੇ ਕਈ ਨਵੇਂ ਰੇਡੀਓ ਸਟੇਸ਼ਨ ਅਤੇ ਕਈ ਦੂਰਦਰਸ਼ਨ ਕੇਂਦਰ ਸਥਾਪਿਤ ਕੀਤੇ।

ਬੰਗਲਾ ਦੇਸ਼ ਬਣਨ ਵੇਲੇ ਆਪ ਨੇ ਮੁਕਤੀ ਬਾਹਨੀ ਦੇ ਸਟੇਸ਼ਨ ਦਾ ਮਹੀਨਿਆਂ ਦਾ ਕੰਮ ਹਫ਼ਤਿਆਂ ਵਿਚ ਕਰਕੇ ਸਫਲਤਾ ਪ੍ਰਾਪਤ ਕੀਤੀ। ਦੇਸ਼ ਦੀ ਮਹਾਨ ਸੇਵਾ ਸਦਕਾ ਇਨ੍ਹਾਂ ਨੂੰ ਦੇਸ਼ ਦੇ ਰਾਸ਼ਟਰਪਤੀ ਜੀ ਵਲੋਂ ਸਨਮਾਨਿਤ ਕੀਤਾ ਗਿਆ। ਇਸ ਤਰ੍ਹਾਂ ਤਰੱਕੀਆਂ ਪ੍ਰਾਪਤ ਕਰਕੇ ਆਪ 1987 ਵਿਚ ਡਾਇਰੈਕਟਰ ਦੇ ਅਹੁਦੇ ਤੋਂ ਸੇਵਾਮੁਕਤ ਹੋਏ। 1987 ਵਿਚ ਸਿੱਖ ਕੌਮ ਨੂੰ ਅੱਤਵਾਦੀ -ਵੱਖਵਾਦੀ ਕਹਿ ਕੇ ਲਤਾੜਿਆ ਜਾ ਰਿਹਾ ਸੀ। ਆਪ ਦੇ ਮਨ ਅੰਦਰ ਬੇਹਦ ਦੁੱਖ ਹੋਇਆ ਤਾਂ ਆਪ ਦੇ ਮਨ ਵਿਚ ਵਿਚਾਰ ਆਇਆ ਕਿ ਕੋਈ ਉਚ ਪੱਧਰ ਦਾ ਉਸਾਰੂ ਕੰਮ ਕਰਕੇ ਸੰਸਾਰ ਦੇ ਲੋਕਾਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਦਿੱਤੀ ਜਾਵੇ।

ਇਸੇ ਮਕਸਦ ਲਈ ਇਨ੍ਹਾਂ ਨੇ ਦਿੱਲੀ ਤੋਂ ਆ ਕੇ ਬੜੂ ਸਾਹਿਬ ਵਿਖੇ ਸਿਮਰਨ ਦੇ ਪੁੰਜ ਸ੍ਰੀ ਮਾਨ ਬਾਬਾ ਇਕਬਾਲ ਸਿੰਘ ਜੀ ਨਾਲ ਸੰਪਰਕ ਕੀਤਾ। ਬਾਬਾ ਜੀ ਨਾਲ ਆਪ ਦਾ ਬੇਹਦ ਸਨੇਹ ਹੈ। ਬਾਬਾ ਜੀ ਦੀ ਪ੍ਰੇਰਣਾ ਸਦਕਾ ਆਪ ਜੀ ਅਪਣੀਆਂ ਪਰਿਵਾਰਕ ਜ਼ੁੰਮੇਵਾਰੀਆਂ ਸਮੇਟ ਕੇ ਸੇਵਾ ਵਿਚ ਹਾਜ਼ਰ ਹੋ ਗਏ। ਜਿਸ ਵੇਲੇ ਇਨ੍ਹਾਂ ਨੇ ਸੇਵਾ ਸੰਭਾਲੀ ਉਸ ਵਕਤ ਬੜੂ ਸਾਹਿਬ ਵਾਲੀ ਜਗ੍ਹਾ ਤੇ ਜੰਗਲ ਬੀਆਬਾਨ ਸੀ। ਅਕੈਡਮੀ ਸ਼ੁਰੂ ਕਰਨ ਵੇਲੇ ਉਥੇ ਕੇਵਲ 6-7 ਬੱਚੇ ਸਨ। ਧੂਪੀਆ ਜੀ ਨੇ ਕਾਫ਼ੀ ਮਿਹਨਤ ਕਰਕੇ ਭਾਰਤ ਦੇ ਵੱਖ ਵੱਖ ਸ਼ਹਿਰਾਂ ਪਿੰਡਾਂ ਵਿਚ ਜਾ ਕੇ ਬੱਚਿਆਂ ਦੇ ਕੀਰਤਨ ਪ੍ਰੋਗਰਾਮ ਦੇ ਟੂਰ ਲਗਵਾਏ ਤੇ ਕਾਫ਼ੀ ਬੱਚਿਆਂ ਨੂੰ ਦਾਖਲਾ ਦਿਵਾਇਆ। ਬੜੂ ਸਾਹਿਬ ਦੇ ਆਪ ਜੀ ਮੋਢੀ ਪ੍ਰਬੰਧਕਾਂ ਵਿਚੋਂ ਹਨ।

ਹਰਕ੍ਰਿਸ਼ਨ ਸਿੰਘ ਜੀ ਦੇ ਮਨ ਵਿਚ ਪੁਰਾਤਨ ਕੀਰਤਨ ਸ਼ੈਲੀ ਨੂੰ ਘਰ ਘਰ ਪਹੁੰਚਾਉਣ ਦਾ ਜਜ਼ਬਾ ਹੈ। ਕੀਰਤਨਕਾਰਾਂ, ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਅਤੇ ਖੋਜੀਆਂ ਲਈ ਆਪ ਜੀ ਸੀ.ਡੀ. ਤਿਆਰ ਕਰਕੇ ਜ਼ਿਲ੍ਹੇ ਵਾਰ ਏਰੀਆ ਆਰਗੇਨਾਈਜਰ ਨੂੰ ਇਕ ਇਕ ਕਾਪੀ ਫਰੀ ਭੇਜਦੇ ਹਨ। ਉਨ੍ਹਾਂ ਨੇ ਅੱਗੇ ਹੋਰ ਕਾਪੀਆਂ ਕਰਵਾ ਕੇ ਸੰਗਤਾਂ ਵਿਚ ਵੰਡਣੀਆਂ ਹੁੰਦੀਆਂ ਹਨ। ਇਸ ਮਹਾਨ ਕਾਰਜ ਵਿਚ ਸ. ਮਹਿੰਦਰ ਸਿੰਘ ਬਿੰਦਰਾ ਦਾ ਮਹਾਨ ਯੋਗਦਾਨ ਹੈ ਜਿਹੜਾ ਕਿ ਆਪਣੀ ਉਮਰ ਭਰ ਦੀ ਮਿਹਨਤ ਨਾਲ ਸੰਭਾਲੀ ਰਿਕਾਰਡਿੰਗ ਧੂਪੀਆ ਜੀ ਦੇ ਹਵਾਲੇ ਕੀਤੀ।

ਅਰਦਾਸ ਕਰਕੇ ਹਾਂ ਕਿ ਸਤਿਗੁਰੂ ਜੀ ਕ੍ਰਿਪਾ ਕਰਨ ਧੂਪੀਆ ਸਾਹਿਬ ਨੂੰ ਚੜ੍ਹਦੀ ਕਲਾ ਬਖਸ਼ਣ ਤਾਂ ਜੋ ਇਹ ਇਸੇ ਤਰ੍ਹਾਂ ਗੁਰਮਤਿ ਸੰਗੀਤ ਵਿਰਸੇ ਦੀ ਸੰਭਾਲ ਤੇ ਪ੍ਰਚਾਰ ਕਰਦੇ ਰਹਿਣ।

*ਗਿ: ਦਿੱਤ ਸਿੰਘ ਕਲੋਨੀ,*
*ਨੇੜੇ ਫਤਹਿ ਸ਼ਟਰਿੰਗ ਹਾਊਸ, ਨਾਨਕਿਆਣਾ ਰੋਡ, ਸੰਗਰੂਰ*

# ਵਿਸ਼ਵ ਸੰਗੀਤਕਾਰ

**ਡੂਪਾਰਕ, ਮਾਰੀ ਯੂਜੀਨ ਹੈਨਰੀ ਫੂਕ** :- ਇਸ ਫਰਾਂਸੀਸੀ ਸੰਗੀਤਕਾਰ ਦਾ ਜਨਮ 21 ਜਨਵਰੀ, 1848 ਨੂੰ ਪੈਰਿਸ ਵਿਖੇ ਹੋਇਆ। ਪੈਰਿਸ ਵਿਖੇ ਕਾਨੂੰਨ ਦੀ ਸਿੱਖਿਆ ਲੈਂਦੇ ਹੋਏ ਇਸ ਨੇ ਸੀਜ਼ਰ ਫਰੈਂਕ ਤੋਂ ਪਿਆਨੋ ਸਿੱਖੀ ਅਤੇ ਕਾਨੂੰਨ ਦੇ ਨਾਲ ਨਾਲ ਸੰਗੀਤ ਵਿਚ ਇਸ ਨੂੰ ਵਧੇਰੇ ਰੁਚੀ ਹੋ ਗਈ। ਸੰਨ 1868 ਤੱਕ ਇਸ ਨੇ ਉਹ 16 ਗੀਤ ਰਚਣੇ ਸ਼ੁਰੂ ਕਰ ਦਿੱਤੇ ਸਨ ਜਿਨ੍ਹਾਂ ਉਪਰ ਇਸ ਦੀ ਪ੍ਰਸਿੱਧੀ ਆਧਾਰਿਤ ਹੈ। ਇਸ ਦੇ ਗੀਤ ਉਸ ਸਮੇਂ ਦੀਆਂ ਫਰਾਂਸੀਸੀ ਕਵਿਤਾਵਾਂ, ਸੁਮੇਲ ਸੰਗੀਤ ਅਤੇ ਕਾਵਿ ਟੁਕੜੀਆਂ ਤੇ ਆਧਾਰਿਤ ਹਨ। ਸਿਹਤ ਦੀ ਖਰਾਬੀ ਕਾਰਨ 1885 ਈ. ਤੋਂ ਮਗਰੋਂ ਇਸ ਨੇ ਸੰਗੀਤ ਰਚਨਾ ਬੰਦ ਕਰ ਦਿੱਤੀ। ਇਸ ਦੀ ਕ੍ਰਿਆਤਮਕ ਸ਼ਕਤੀ ਘਟਦੀ ਗਈ ਅਤੇ 1890 ਈ. ਦੇ ਲਾਗੇ ਚਾਗੇ ਇਸ ਨੇ ਆਪਣਾ ਸਾਰਾ ਪੱਤਰ-ਵਿਹਾਰ ਅਤੇ ਅਣਛਪੀਆਂ ਰਚਨਾਵਾਂ ਅਤੇ ਰੇਖਾ ਚਿੱਤਰਾਂ ਨੂੰ ਖਤਮ ਕਰ ਦਿੱਤਾ।

12 ਫਰਵਰੀ, 1833 ਨੂੰ ਮਾਂਟ ਡੀ-ਮਾਰਸਨ ਵਿਖੇ ਇਸ ਦੀ ਮੌਤ ਹੋ ਗਈ।

**ਡੇਪਰੇ, ਜੋਸਕੁਇਨ**

ਇਹ ਪੁਨਰਜਾਗ੍ਰਤੀ ਕਾਲ ਦੌਰਾਨ ਯੂਰਪ ਦਾ ਸਭ ਤੋਂ ਮਹਾਨ ਸੰਗੀਤਕਾਰ ਸੀ। ਇਸ ਦਾ ਜਨਮ ਬੈਲਜੀਅਮ ਦੀ ਈਨੋ ਕਾਉਂਟੀ ਵਿਚ 1445 ਈ. ਦੇ ਲਗਭਗ ਹੋਇਆ। ਵਧੇਰੇ ਸਮਾਂ ਇਹ ਸ਼ਹਿਰ ਦੇ ਵੱਖ ਵੱਖ ਗਿਰਜਿਆਂ ਦੀਆਂ ਭਜਨ-ਮੰਡਲੀਆਂ ਵਿਚ ਗਾਇਕ ਰਿਹਾ। ਸੰਨ 1499 ਤੋਂ ਕੁਝ ਸਮਾਂ ਪਹਿਲਾਂ ਇਹ ਫੈਰਾਰਾ ਦੇ ਡਿਊਕ ਅਰਕੋਲ ਪਹਿਲੇ ਦੇ ਗਿਰਜੇ ਦੀ ਗਾਇਕ ਮੰਡਲੀ ਵਿਚ ਸ਼ਾਮਲ ਹੋਇਆ। ਉਦੋਂ ਇਸ ਦਾ ਸਬੰਧ ਫਰਾਂਸ ਦੇ ਲੂਈ ਬਾਰ੍ਹਵੇਂ ਦੇ ਗਿਰਜੇ ਨਾਲ ਵੀ ਸੀ। ਫੈਰਾਰਾ ਵਿਖੇ ਇਸ ਨੇ ਆਪਣੇ ਮਾਲਕ ਦੇ ਸਨਮਾਨ ਵਿਚ ਅਤੇ ਭਜਨ ਰਚੇ। ਸੰਨ 1505 ਵਿਚ ਡਿਊਕ ਦੀ ਮੌਤ ਤੋਂ ਬਾਅਦ ਇਸ ਨੇ ਫੈਰਾਰਾ ਛੱਡ ਦਿੱਤਾ ਅਤੇ ਕੋਂਡੀ ਵਿਖੇ ਨੋਟਰੇ ਡੇਮ ਚਰਚ ਵਿਚ ਧਰਮ ਮੁਖੀ ਬਣ ਕੇ ਚਲਾ ਗਿਆ।

ਰੱਬੀ ਭੋਜ ਸਮੇਂ ਦੀਆਂ 20 ਸੰਗੀਤ ਰਚਨਾਵਾਂ ਵਿਚੋਂ 17 ਇਸ ਦੇ ਜੀਵਨ ਦੌਰਾਨ ਛਾਪੀਆਂ ਗਈਆਂ ਹਨ। ਇਸ ਦੇ ਭਜਨ ਅਤੇ ਗੀਤਾਂ ਨੂੰ ਵੀ ਪ੍ਰਕਾਸ਼ਿਤ ਕਰਵਾਇਆ ਗਿਆ ਸੀ। 16ਵੀਂ ਸਦੀ ਤੋਂ ਬਾਅਦ ਤੱਕ ਇਸ ਦੀਆਂ ਕਿਰਤਾਂ ਦੀ ਖੁੱਲ੍ਹੇ ਤੌਰ ਤੇ ਨਕਲ ਹੁੰਦੀ ਰਹੀ।

27 ਅਗਸਤ, 1521 ਨੂੰ ਕੋਂਡੀ ਵਿਖੇ ਇਸ ਦੀ ਮੌਤ ਹੋ ਗਈ।

**ਡੇਵੀਜ਼, ਸਰ ਹੈਨਰੀ ਵਾਲਫੋਰਡ**

ਇੰਗਲੈਂਡ ਦੇ ਇਸ ਆਰੱਗਨਵਾਦਕ ਅਤੇ 'ਨਾਈਟ' ਖਿਤਾਬ ਜੇਤੂ ਦਾ ਜਨਮ ਸ਼੍ਰੌਪਸ਼ਿਰ ਵਿਚ ਓਸਵੈਸਟਰੀ ਵਿਖੇ 6 ਸਤੰਬਰ, 1896 ਨੂੰ ਹੋਇਆ। ਇਸ ਨੇ ਇੰਗਲੈਂਡ ਵਿਚ ਲੰਡਨ ਵਿਖੇ 'ਰਾਇਲ ਕਾਲਜ ਆੱਫ਼ ਮਿਊਜ਼ਕ ਵਿਚ ਸਿੱਖਿਆ ਪ੍ਰਾਪਤ ਕੀਤੀ। ਇਸ ਉਪਰੰਤ ਇਹ ਉਥੇ ਹੀ ਪੜ੍ਹਾਉਣ ਲੱਗ ਪਿਆ। ਸੰਨ 1898 ਤੋਂ 1923 ਤੱਕ ਇਹ ਟੈਂਪਲ ਚਰਚ, ਲੰਡਨ ਵਿਚ ਆਰਗਨਵਾਦਕ ਅਤੇ 1903 ਤੋਂ 1907 ਈ. ਤੱਕ ਲੰਡਨ ਬੈਂਕ ਕਵਾਇਰ ਦਾ ਸੰਚਾਲਕ ਵੀ ਰਿਹਾ। ਫਿਰ 1919 ਤੋਂ 1926 ਤੱਕ ਇਹ 'ਯੂਨੀਵਰਸਿਟੀ ਕਾਲਜ ਆੱਫ ਵੇਲਜ਼' ਵਿਚ ਸੰਗੀਤ ਦਾ ਪ੍ਰੋਫੈਸਰ ਰਿਹਾ।

ਪਹਿਲੇ ਵਿਸ਼ਵ-ਯੁੱਧ ਦੌਰਾਨ ਇਹ ਰੱਾਇਲ ਏਅਰ ਫੋਰਸ ਵਿਚ ਸੰਗੀਤ ਦਾ ਡਾਇਰੈਕਟਰ ਸੀ। ਸੰਨ 1922 ਵਿਚ ਇਸ ਨੂੰ 'ਨਾਈਟ' ਦੀ ਉਪਾਧੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਦੀਆਂ ਸੰਗੀਤ ਰਚਨਾਵਾਂ ਵਿਚ ਸਮੂਹਗਾਨ, ਆੱਰਕੈਸਟਰਾਂ ਸੰਗੀਤ, ਚੈਂਬਰ ਸੰਗੀਤ ਅਤੇ ਗੀਤ ਸ਼ਾਮਲ ਹਨ।

11 ਮਾਰਚ, 1911 ਸਮਰਸੈੱਟ ਵਿਚ ਰਿਗਟਨ ਵਿਖੇ ਇਸ ਦੀ ਮੌਤ ਹੋ ਗਈ।

*'ਪੰਜਾਬੀ ਵਿਸ਼ਵਕੋਸ਼' ਤੋਂ ਧੰਨਵਾਦ ਸਹਿਤ*

# ਸੁਰ ਲਿਪੀ

ਹਰਦੀਪ ਕੌਰ

ਰਾਗ ਆਸਾ ਦੀ ਰਚਨਾ ਬਿਲਾਵਲ ਥਾਟ ਤੋਂ ਹੋਈ ਮੰਨੀ ਜਾਂਦੀ ਹੈ। ਇਸ ਵਿਚ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਦਾ ਵਾਦੀ ਸੁਰ ਮਧਿਅਮ ਅਤੇ ਸੰਵਾਦੀ ਸ਼ੜਜ ਹੈ। ਰਾਗ ਦੇ ਆਰੋਹ ਵਿਚ ਗੰਧਾਰ ਅਤੇ ਨਿਸ਼ਾਦ ਵਰਜਿਤ ਹਨ। ਇਸ ਲਈ ਇਸ ਦੀ ਜਾਤੀ ਔਡਵ-ਸੰਪੂਰਨ ਹੈ। ਗਾਉਣ ਦਾ ਸਮਾਂ ਸਵੇਰ ਦਾ ਸੰਧੀ ਪ੍ਰਕਾਸ਼ ਅਤੇ ਸ਼ਾਮ ਦਾ ਸੰਧੀ ਪ੍ਰਕਾਸ਼ ਹੈ।

**ਰਾਗ** : ਆਸਾ

**ਥਾਟ** : ਬਿਲਾਵਲ (ਸਾਰੇ ਸ਼ੁੱਧ ਸਵਰ)

**ਜਾਤੀ** : ਔਡਵ-ਸੰਪੂਰਨ (ਆਰੋਹ ਵਿਚ 'ਗ' ਅਤੇ 'ਨ' ਵਰਜਿਤ)

**ਸਮਾਂ** : ਸਵੇਰ ਦਾ ਸੰਧੀ ਪ੍ਰਕਾਸ਼ ਅਤੇ ਸ਼ਾਮ ਦਾ ਸੰਧੀ ਪ੍ਰਕਾਸ਼

**ਵਾਦੀ** : ਮ  **ਸੰਵਾਦੀ** : ਸ

**ਆਰੋਹ** : ਸ ਰ ਮ ਪ ਧ ਸਂ।

**ਅਵਰੋਹ** : ਸਂ ਨ ਧ ਪ ਮ, ਗ ਰ ਸ।

**ਮੁੱਖ ਅੰਗ** : ਰ ਮ ਪ, ਧ ਸਂ, ਨ ਧ ਪ ਮ, ਗ ਰ ਗ ਸ।

*ਤਿੰਨ ਤਾਲ*

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| X | | | | 2 | | | | 0 | | | | 3 | | | |
| ਸਥਾਈ | | | | | | | | | | | | | | | |
| | | | | ਰ | ਮ | ਪ | ਧ | ਧ | ਪਧ | ਪ | ਮ | ਮ | ਗ | ਰ | ਸ |
| | | | | ਬਿ | ਰ | ਥਾ | | | ਕਹ | ਉ | ਕਉ | | ਨ | ਸਿ | ਉ |
| | | | | R | M | P | D | D | PD | P | M | M | G | R | S |
| | | | | *BI* | *R* | *THAA-* | | *-* | *KAH* | *O* | *KAU* | *-* | *N* | *SI* | *O* |
| ਰ | ਗ | ਸ | – | - | - | - | - | ਮ | ਮ | ਮ | ਮ | ਮ | ਮ | ਮ | ਮ |
| ਮ | ਨ | ਕੀ | | - | - | - | - | ਲੋ | | ਭਿ | ਗ੍ਰਸਿ | ਓ | | ਦ | ਸ |
| R | G | S | - | - | - | - | - | M | M | M | M | M | M | M | M |
| *MA* | *N* | *KEE* | - | - | - | - | - | *LO* | - | *BH* | *GARSI* | *O* | - | *DA* | *S* |
| ਪ | ਪ | ਧ | ਧ | ਪ | ਪ | ਮ | ਮ | ਪ | ਪ | ਪ | ਪ | ਧ | ਧ | ਸਂ | ਸਂ |
| ਹੂ | | ਦਿ | ਸ | ਧਾ | | ਵ | ਤੁ | ਆ | | ਸਾ | | ਲਾ | | ਗਿ | ਓ |
| P | P | D | D | P | P | M | M | P | P | P | P | D | D | Ṡ | Ṡ |
| *HOO* | - | *DI* | *S* | *DHAA* | - | *VA* | *T* | *AA* | - | *SAA* | - | *LAA* | - | *GI* | *O* |
| ਨ̣ਰਂ | ਸਂਨ | ਧਪ | ਮ | | | | | | | | | | | | |
| ਧ | ਨ | ਕੀ | | | | | | | | | | | | | |
| NṘ | ṠN | DN | M | | | | | | | | | | | | |
| *DHA* | *N* | *KEE* | - | | | | | | | | | | | | |

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| X | | | | 2 | | | | 0 | | | | 3 | | | |
| ਅੰਤਰਾ | | | | | | | | | | | | | | | |
| | | | | | | | | ਮ | ਮ | ਮ | ਮ | ਪ | ਪ | ਧ | ਧ |
| | | | | | | | | ਸੁ | ਖ | ਕੈ | | ਹੇ | | ਤਿ | ਬ |
| | | | | | | | | M | M | M | M | P | P | D | D |
| | | | | | | | | *SU* | *KH* | *KAI* | - | *HAY* | - | *T* | *BA* |
| ਸਂ | ਸਂ | ਸਂ | ਸਂ | ਰਂ | ਰਂ | ਸਂ | ਸਂ | ਪ | ਪ | ਧ | ਧ | ਸਂ | ਸਂ | ਸਂ | ਸਂ |
| ਹੁ | ਤੁ | ਦੁ | ਖੁ | ਪਾ | | ਵ | ਤ | ਸੇ | | ਵ | ਕ | ਰ | ਤ | ਜ | ਨ |
| Ṡ | Ṡ | Ṡ | Ṡ | Ṙ | Ṙ | Ṡ | Ṡ | P | P | D | D | Ṡ | Ṡ | Ṡ | Ṡ |
| *HU* | *T* | *DU* | *KH* | *PAA* | - | *VA* | *T* | *SAY* | - | *V* | *KA* | *RA* | *T* | *JA* | *N* |
| ਸਂਗਂ | ਰਂਗਂ | ਸਂ | ਨ | ਧ | ਧ | ਪ | ਪ | ਸਂ | ਸਂ | ਸਂ | ਸਂ | ਧ | ਰਂ | ਸਂ | ਸਂ |
| ਜ | ਨ | ਕੀ | | | | | | ਦੁ | ਆ | ਰ | ਹਿ | ਦੁ | ਆ | ਰਿ | ਸੁ |
| ṠĠ | ṘĠ | Ṡ | N | D | D | P | P | Ṡ | Ṡ | Ṡ | Ṡ | D | Ṙ | Ṡ | Ṡ |
| *JA* | *N* | *KEE* | - | - | - | - | - | *DU* | *AA* | *RE* | *H* | *DU* | *AA* | *R* | *SU* |
| ਨ | ਧ | ਪ | ਮ | ਮ | ਧ | ਪ | - | ਮ | ਮ | ਪ | ਧ | ਸਂ | ਨ | ਧ | ਪ |
| ਆ | ਨ | ਜਿ | ੳ | ਡੋ | | ਲ | ਤ | ਨ | ਹ | ਸੁ | ਧ | ਰਾ | | ਮ | ਭ |
| N | D | P | M | M | D | P | - | M | H | P | D | Ṡ | N | D | P |
| *AA* | *N* | *JI* | *O* | *DO* | - | *LA* | *T* | *N* | *H* | *SU* | *DH* | *RAA* | - | *M* | *BHA* |
| ਮ | ਗ | ਰ | ਸ | | | | | | | | | | | | |
| ਜ | ਨ | ਕੀ | | | | | | | | | | | | | |
| M | G | R | S | | | | | | | | | | | | |
| *JA* | *N* | *KEE* | | | | | | | | | | | | | |

# ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਹਰਦੀਪ ਕੌਰ

ਬਿਰਥਾ ਕਹਉ ਕਉਨ ਸਿਉ ਮਨ ਕੀ ॥
ਲੋਭਿ ਗ੍ਰਸਿਓ ਦਸਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ ॥੧॥ ਰਹਾਉ ॥

Who should I tell the condition of the mind? Engrossed in greed, running around in the ten directions, you hold to your hopes of wealth.
pause

(ਹੇ ਭਾਈ !) ਮੈਂ ਇਸ (ਮਨੁੱਖੀ) ਮਨ ਦੀ ਭੈੜੀ ਹਾਲਤ ਕਿਸ ਨੂੰ ਦੱਸਾਂ (ਹਰੇਕ ਮਨੁੱਖ ਦਾ ਇਹੀ ਹਾਲ ਹੈ), ਲੋਭ ਵਿਚ ਫਸਿਆ ਹੋਇਆ ਇਹ ਮਨ ਦਸੀਂ ਪਾਸੀਂ ਦੌੜਦਾ ਰਹਿੰਦਾ ਹੈ, ਇਸ ਨੂੰ ਧਨ ਜੋੜਨ ਦੀ ਤ੍ਰਿਸ਼ਨਾ ਚੰਬੜੀ ਰਹਿੰਦੀ ਹੈ। ੧ ॥ ਰਹਾਉ।

ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ ॥੧॥

For the sake of pleasure, you suffer such great pain, and you have to serve each and every person. You wander from door to door like a dog, unconscious of the Lord's meditation.

(ਹੇ ਭਾਈ !) ਸੁਖ ਹਾਸਲ ਕਰਨ ਵਾਸਤੇ (ਇਹ ਮਨ) ਧਿਰ ਧਿਰ ਦੀ ਖੁਸ਼ਾਮਦ ਕਰਦਾ ਫਿਰਦਾ ਹੈ (ਤੇ ਇਸ ਤਰ੍ਹਾਂ ਸੁਖ ਦੇ ਥਾਂ ਸਗੋਂ) ਦੁੱਖ ਸਹਾਰਦਾ ਹੈ। ਕੁੱਤੇ ਵਾਂਗ ਹਰੇਕ ਦੇ ਦਰ ਤੇ ਭਟਕਦਾ ਫਿਰਦਾ ਹੈ ਇਸ ਨੂੰ ਪਰਮਾਤਮਾ ਦਾ ਭਜਨ ਕਰਨ ਦੀ ਕਦੇ ਸੂਝ ਹੀ ਨਹੀਂ ਪੈਂਦੀ।

ਮਾਨਸ ਜਨਮ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ ॥
ਨਾਨਕ ਹਰਿ ਜਸੁ ਕਿਉ ਨਹੀ ਗਾਵਤ
ਕੁਮਤਿ ਬਿਨਾਸੈ ਤਨ ਕੀ ॥ ੨ ॥੧ ॥੨੩੩ ॥

You lose this human life in vain, and You are not even ashamed when others laugh at you. O Nanak, why not sing the Lord's Praises, so that you may be rid of the body's evil disposition?

(ਹੇ ਭਾਈ !) ਲੋਭ ਵਿਚ ਫਸਿਆ ਹੋਇਆ ਇਹ ਜੀਵ) ਆਪਣਾ ਮਨੁੱਖਾ ਜਨਮ ਵਿਅਰਥ ਹੀ ਗਵਾ ਲੈਂਦਾ ਹੈ, (ਇਸ ਦੇ ਲਾਲਚ ਦੇ ਕਾਰਨ) ਲੋਕਾਂ ਵਲੋਂ ਹੋ ਰਹੇ ਹਾਸੇ-ਮਖੌਲ ਦੀ ਭੀ ਇਸ ਨੂੰ ਸ਼ਰਨ ਨਹੀਂ ਆਉਂਦੀ।
ਹੇ ਨਾਨਕ ! (ਆਖ ... ਹੇ .. ਜੀਵ !) ਤੂੰ ਪਰਮਾਤਮਾ ਦੀ ਸਿਫਤਿ -ਸਾਲਾਹ ਕਿਉਂ ਨਹੀਂ ਕਰਦਾ ? (ਸਿਫਤਿ ਸਾਲਾਹ ਦੀ ਬਰਕਤਿ ਨਾਲ ਹੀ) ਤੇਰੀ ਇਹ ਖੋਟੀ ਮਤਿ ਦੂਰ ਹੋ ਸਕੇਗੀ। ੨ ।੧ ।੨੩੩ ।

ਪੁਸਤਕ 'ਨਮੋ ਗੀਤ ਗੀਤੇ' ਵਿਚੋਂ ਧੰਨਵਾਦ ਸਹਿਤ

# ਸੰਗੀਤ ਲਿਪੀ ਚਿੰਨ੍ਹ

| | |
|---|---|
| ਪ | ਜਿਨ੍ਹਾਂ ਸੁਰਾਂ ਦੇ ਉੱਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ। |
| ਧੁ | ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ; ਪਰ ਕੋਮਲ ਮਧਿਅਮ ਉੱਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ। ਹਰਮੋਨੀਅਮ ਦੇ ਸੁਰ ਨੰ: 2,4,9,11 ਕੋਮਲ ਸੁਰ ਹਨ। |
| ਮੰ | ਇਹ ਤੀਬਰ ਮਧਿਅਮ ਹੈ। ਸੁਰ ਨੰ: 7 ਤੀਬਰ ਮਧਿਅਮ ਹੈ। |
| ਪ̣/ਧ̣ | ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ। |
| ਸਂ/ਪਂ | ਜਿਨ੍ਹਾਂ ਸੁਰਾਂ ਦੇ ਉੱਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ। |
| ਪ – | ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (–) ਹਨ ਉਸ ਨੂੰ ਉਤਨੀਆਂ ਮਾਤਰਾਂ ਤੱਕ ਗਾਉਣਾ ਹੈ। |
| ਬਾਂ ऽ | ਜਿਸ ਅੱਖਰ ਅੱਗੇ ਜਿੰਨੇ ऽ ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ। |
| ਧਂਪ | ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ। |
| ਮ ਪ | ਜਿਹੜਾ ਸੁਰ ਕਿਸੇ ਸੁਰ ਦੇ ਉੱਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ। |

**X O 1 2 3  X ਸਮ, 0 ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ।**

| ਮੰਦਰ ਸਪਤਕ | ਮੱਧ ਸਪਤਕ | ਤਾਰ ਸਪਤਕ | |
|---|---|---|---|
| ਰੇ̣ ਗ̣ ਮੰ̣ ਧ̣ ਨੀ̣ | ਰੇ ਗ ਮੰ ਧ ਨੀ | ਰੇਂ ਗਂ ਮੰ ਧਂ ਨੀਂ | ਰੇਂ |




| ਸ̣ ਰੇ̣ ਗ̣ ਮ̣ ਪ̣ ਧ̣ ਨੀ̣ | ਸ ਰੇ ਗ ਮ ਪ ਧ ਨੀ | ਸਂ ਰੇਂ ਗਂ ਮਂ ਪਂ ਧਂ ਨੀਂ | ਸਂ |
|---|---|---|---|
| ਨੀਚੀ ਆਵਾਜ਼ | ਦਰਮਿਆਨੀ ਆਵਾਜ਼ | ਉਚੀ ਆਵਾਜ਼ | |